# 6. ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ: ਵਰਤਮਾਨ ਸੰਦਰਭ ਵਿਚ

ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੋਹਾਂ ਦਾ ਆਪਣਾ ਵੱਖਰਾ ਅਸਤਿੱਤਵ ਹੋਣ ਦੇ ਬਾਵਜੂਦ ਵੀ ਦੋਹਾਂ ਵਿਚ ਸਮਾਨਤਾ ਹੈ। "ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿਚ ਪ੍ਰਚਲਿਤ ਦੋ ਪਧਿੱਤੀਆਂ ਜੋ ਉੱਤਰੀ ਅਤੇ ਦੱਖਣੀ ਸੰਗੀਤ ਪਧਿੱਤੀਆਂ ਦੇ ਨਾਮ ਨਾਲ ਪ੍ਰਚਲਿਤ ਹੋਈਆਂ ਹਨ। ਉਹਨਾਂ ਵਿਚੋਂ ਉੱਤਰੀ ਸੰਗੀਤ ਪੱਧਤੀ ਜਿਸ ਵਿਚ ਹਿੰਦੁਸਤਾਨੀ ਅਤੇ ਅਰਬੀ ਸੰਗੀਤ ਦਾ ਮਿਸ਼ਰਣ ਮੰਨਿਆ ਜਾਂਦਾ ਹੈ। ਇਸ ਵਿਚ ਸੂਫ਼ੀ ਪਰੰਪਰਾ ਦਾ ਮਹੱਤਵਪੂਰਨ ਯੋਗਦਾਨ ਹੈ।"[1] ਸੂਫ਼ੀਆਂ ਦੀ ਆਮਦ ਤੇ ਹੀ ਉੱਤਰੀ ਸੰਗੀਤ ਅਤੇ ਦੱਖਣੀ ਸੰਗੀਤ ਦੋ ਅਲੱਗ-ਅਲੱਗ ਧਾਰਾਵਾਂ ਵਜੋਂ ਹੋਂਦ ਵਿਚ ਆਏ ਅਤੇ ਉੱਤਰੀ ਸੰਗੀਤ ਨੂੰ ਹਿੰਦੁਸਤਾਨੀ ਸੰਗੀਤ ਅਤੇ ਦੱਖਣੀ ਸੰਗੀਤ ਨੂੰ ਕਰਨਾਟਕੀ ਸੰਗੀਤ ਵਜੋਂ ਜਾਣਿਆ ਜਾਣ ਲੱਗਾ।

ਭਾਰਤੀ ਸੰਗੀਤ ਅਤੇ ਅਰਬੀ ਸੰਗੀਤ ਦੇ ਸੁਖਦ ਪਰਿਣਾਮ ਵਜੋਂ ਹਿੰਦੁਸਤਾਨੀ ਸੰਗੀਤ ਪਧਿੱਤੀ ਤੇ ਅੰਤਰਗਤ ਹੀ ਸੂਫ਼ੀਆਂ ਨੇ ਅਧਿਆਤਮਿਕ ਕਾਵਿ ਦਾ ਗਾਇਨ ਕੀਤਾ। ਸੂਫ਼ੀਆਂ ਨੇ ਕਿਸੇ ਵੱਖਰੀ ਸੰਗੀਤਕ ਪਧਿੱਤੀ ਦੀ ਸਥਾਪਨਾ ਵਜੋਂ ਸੂਫ਼ੀ ਗਾਇਨ ਨਹੀਂ ਕੀਤਾ ਬਲਕਿ ਅਧਿਆਤਮਿਕ ਕਾਵਿ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਹੇਤੂ ਸੰਗੀਤ ਦਾ ਪ੍ਰਯੋਗ ਕਰਕੇ ਭਾਰਤੀ ਸੰਗੀਤ ਕਲਾ ਨੂੰ ਸਮਰਿੱਧ ਅਤੇ ਖੁਸ਼ਹਾਲ ਕੀਤਾ।

ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਪਰੰਪਰਾ ਦੇ ਵਰਤਮਾਨ ਸੰਦਰਭ ਵਿਚ ਬਦਲ ਰਹੇ ਵਿਧੀ ਵਿਧਾਨ ਅਤੇ ਇਸਦੀ ਪਰੰਪਰਾ ਦੇ ਮੌਜੂਦਾ ਅੰਸ਼ਾਂ ਨੂੰ ਪ੍ਰਫੁਲਿਤ ਕਰਨ ਵਿਚ ਪ੍ਰਸਿੱਧ ਸੂਫ਼ੀ ਕਲਾਕਾਰਾਂ ਅਤੇ ਹਿੰਦੁਸਤਾਨੀ ਸੰਗੀਤ ਕਲਾਕਾਰਾਂ ਦਾ ਅਹਿਮ ਯੋਗਦਾਨ ਹੈ। ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੇ ਨਾਲ ਜੁੜੇ ਸਿੱਖਿਅਕਾਂ ਅਤੇ ਕਲਾਕਾਰਾਂ ਨਾਲ ਭੇਂਟਵਾਰਤਾ ਕਰਕੇ ਸੰਗੀਤ ਦੇ ਵਰਤਮਾਨ ਸਰੂਪ ਨੂੰ ਉਜਾਗਰ ਕੀਤਾ ਹੈ।

## 6.1 ਵਿਭਿੰਨ ਭੇਂਟਵਾਰਤਾਕਾਰਾਂ ਦੀ ਦ੍ਰਿਸ਼ਟੀ ਤੋਂ ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ ਦਾ ਵਰਤਮਾਨ ਸਵਰੂਪ

**6.1.1** "ਸੰਗੀਤ ਦੇ ਹਰ ਪੱਖ ਚਾਹੇ ਉਹ ਸ਼ਾਸਤਰੀ ਪੱਖ ਹੈ ਲੋਕ ਸੰਗੀਤ, ਸੂਫ਼ੀ ਸੰਗੀਤ ਜਾਂ ਫਿਲਮੀ ਸੰਗੀਤ ਹੈ ਹਰੇਕ ਵਿਚ ਬਹੁਤ ਜਲਦੀ-ਜਲਦੀ ਬਦਲਾਵ ਆ ਰਿਹਾ ਹੈ ਨਵਾਂਪਣ ਆ ਰਿਹਾ ਹੈ। ਨਵੀਨੀਕਰਨ ਬਹੁਤ ਅੱਛੀ ਬਾਤ ਹੈ ਪ੍ਰੰਤੂ ਮੇਰੇ ਹਿਸਾਬ ਨਾਲ ਆਪਣੇ ਮੂਲ ਤੋਂ ਦੂਰ ਹੋਣਾ ਵੀ ਠੀਕ ਨਹੀਂ। ਜੇਕਰ ਜੜ੍ਹ (ਮੂਲ) ਹੀ ਹਿਲ ਜਾਵੇਗੀ ਤਾਂ ਦਰਖ਼ਤ ਤਾਂ ਸੁੱਕੇਗਾ ਹੀ। ਇਸ ਲਈ ਸਮੇਂ ਦੇ ਹਿਸਾਬ ਨਾਲ ਜਾਂ ਸਰੋਤਾ ਦੀ ਰੁਚੀ ਦੇ ਹਿਸਾਬ ਨਾਲ ਨਵਾਂਪਣ ਉਸ ਹੱਦ ਤਕ ਠੀਕ ਰਹਿੰਦਾ ਹੈ ਜਿਸ ਵਿਚ ਮੂਲ ਨਾਲ ਜੁੜੇ ਰਹਿ ਕੇ ਹੀ ਉਸ ਵਿਚ ਨਵੀਨੀਕਰਨ ਕੀਤਾ ਜਾਵੇ। ਅੱਜਕਲ ਸੰਗੀਤ ਵਿਵਸਾਇਕ (Professional) ਹੁੰਦਾ ਜਾ ਰਿਹਾ ਹੈ। ਇਸ ਦੌੜ ਵਿਚ ਹਰੇਕ ਕਲਾਕਾਰ ਇੱਕ ਦੂਜੇ ਤੋਂ ਅੱਗੇ ਲੰਘਣ ਦੀ ਹੋੜ ਵਿਚ ਹੈ। ਇਹ ਸਿਲਸਿਲਾ ਗਲਤ ਹੈ। ਸੰਗੀਤ ਤਾਂ ਸਮੁੰਦਰ ਹੈ ਜਿੰਨਾ ਗਹਿਰਾ ਜਾਉਗੇ ਮੋਤੀ ਮਿਲਣਗੇ। ਹਰੇਕ ਨਵੇਂ ਕਲਾਕਾਰ ਨੂੰ ਚਾਹੀਦਾ ਹੈ ਕਿ ਉਹ ਕਿਸੇ ਯੋਗ ਗੁਰੂ

---

[1] ਸਮਾਜਿਕ ਵਿਗਿਆਨ ਪੱਤਰ, ਅੰਕ 58, ਪੰਨਾ 359.

ਦੀ ਸ਼ਰਨ ਵਿਚ ਜਾ ਕੇ ਸੰਗੀਤ ਦੀ ਸਾਧਨਾ ਕਰੇ ਅਤੇ ਪਰਿਪੱਕ ਹੋਣ ਤੇ ਆਪਣੇ ਫ਼ਨ ਦਾ ਮੁਜ਼ਾਹਰਾ ਕਰੇ।"[1]

**6.1.2** "ਗਾਇਨ ਵਿਚ ਰਸ ਅਭਿਵਿਅਕਤੀ ਲਈ ਜ਼ਰੂਰੀ ਹੈ ਕਿ ਮੋਸੀਕੀ ਦੇ ਨਾਲ-ਨਾਲ ਸ਼ਾਇਰੀ ਨਾਲ ਵੀ ਲਗਾਵ ਹੋਵੇ। ਗਾਇਨ ਵਿਚ ਸਵਰ, ਸ਼ਬਦ ਅਤੇ ਭਾਵ ਤਿੰਨਾਂ ਦੀ ਅਭਿਵਿਅਕਤੀ ਨਾਲ ਹੀ ਆਨੰਦ ਆ ਸਕਦਾ ਹੈ। ਕਲਾਸਿਕੀ ਮੌਸੀਕੀ ਸਵਰ ਪ੍ਰਧਾਨ ਹੈ ਤੇ ਸੂਫ਼ੀ ਮਿਊਜਿਕ ਸ਼ਬਦ ਪ੍ਰਧਾਨ। ਕਵਿਤਾ, ਗੀਤ, ਗਜ਼ਲ, ਭਜਨ, ਸ਼ਬਦ ਸਭ ਦੀ ਪੇਸ਼ਕਾਰੀ ਤੋਂ ਪਹਿਲਾਂ ਉਸ ਦੀ ਸ਼ਾਇਰੀ ਜਾਂ ਕਾਵਿ ਨੂੰ ਚੰਗੀ ਤਰ੍ਹਾਂ ਪੜਿਆ ਜਾਂਦਾ ਹੈ। ਪੜ੍ਹ ਕੇ ਸਮਝਿਆ ਜਾਂਦਾ ਹੈ ਅਤੇ ਫਿਰ ਕੰਪੋਜੀਸ਼ਨ ਕੀਤੀ ਜਾਂਦੀ ਹੈ ਜਿਹੜੀ ਵੀ ਗਾਇਕੀ ਪੇਸ਼ ਕੀਤੀ ਜਾਵੇ ਉਸ ਦੇ ਮਿਜ਼ਾਜ਼ ਤੇ ਧਿਆਨ ਦੇਣਾ ਚਾਹੀਦਾ ਹੈ। ਨਵੀਨੀਕਰਨ ਦੇ ਦੌਰ ਵਿਚ ਕਲਾਕਾਰ ਬਿਨਾ ਸਾਧਨਾ ਦੇ ਬਹੁਤ ਜਲਦੀ ਸਫ਼ਲਤਾ ਪਾਉਣਾ ਚਾਹੁੰਦੇ ਹਨ ਪਰੰਤੂ ਜਦੋਂ ਤੱਕ ਫ਼ਨਕਾਰ ਖੁਦ ਗਾਇਕੀ ਦੇ ਮਿਜ਼ਾਜ ਵਿਚ ਨਹੀਂ ਡੁਬਦਾ ਉਦੋਂ ਤਕ ਉਹ ਸਰੋਤਿਆ ਨੂੰ ਆਨੰਦ ਅਨੁਭੂਤੀ ਨਹੀਂ ਕਰਵਾ ਸਕਦਾ। ਸੂਫ਼ੀ ਸੰਗੀਤ ਜਾਂ ਹਿੰਦੁਸਤਾਨੀ ਸੰਗੀਤ ਦੀ ਅਧਿਆਤਮਿਕ ਗਾਇਨ ਸ਼ੈਲੀਆਂ ਦਾ ਅਸਲ ਭਾਵ ਤਦ ਹੀ ਉਜ਼ਾਗਰ ਹੋ ਸਕੇਗਾ ਜੇਕਰ ਕਲਾਕਾਰ ਸਾਹਿਤ ਨੂੰ ਸਮਝ ਕੇ ਈਸ਼ਵਰ ਨਾਲ ਰੂਹਾਨੀ ਸੰਵਾਦ ਰਚਾਉਣ ਵਿਚ ਸਫ਼ਲ ਹੋਵੇ।"[2]

**6.1.3** "ਸੂਫ਼ੀ ਸੰਗੀਤ ਜਾਂ ਹਿੰਦੁਸਤਾਨੀ ਸੰਗੀਤ ਵਰਤਮਾਨ ਸੰਦਰਭ ਵਿਚ ਬਹੁਤ ਸਾਰੇ ਕਲਾਕਾਰ ਇੱਕੋ ਦਿਨ ਵਿਚ ਵਾਹਵਾਈ ਖੱਟਣ ਦੀ ਦੌੜ ਵਿਚ ਹਨ। ਉਹਨਾਂ ਨੂੰ ਇਹ ਸੁਝ ਹੀ ਨਹੀਂ ਕਿ ਸੰਗੀਤ ਤਾਂ ਸਵਰਾਂ ਦੀ ਸਾਧਨਾ ਹੈ। ਬਿਨਾ ਸਾਧਨਾ ਫਲ ਦੀ ਇੱਛਾ ਕਰਨੀ ਵਿਅਰਥ ਹੈ। ਆਪਣੀ ਫ਼ਨਕਾਰੀ ਨਾਲ ਖਿਲਵਾੜ ਨਹੀਂ ਕਰਨਾ ਚਾਹੀਦਾ। 'ਏਕ ਵੋਹ ਹੈਂ ਜੋ ਮਾਹੌਲ ਮੇਂ ਢਲ ਜਾਤੇ ਹੈਂ, ਏਕ ਵੋਹ ਹੈਂ, ਜੋ ਮਾਹੌਲ ਬਦਲ ਦੇਤੇ ਹੈਂ।' ਇੱਕਲੇ ਨਾਮ ਅਤੇ ਸ਼ਹੁਰਤ ਦੇ ਪਿੱਛੇ ਨਹੀਂ ਦੌੜਨਾ ਚਾਹੀਦਾ ਬਲਕਿ ਸੰਗੀਤ ਦੀ ਸਾਧਨਾ ਕਰਨੀ ਚਾਹੀਦੀ ਹੈ। ਨਾਮ ਅਤੇ ਸ਼ਹੁਰਤ ਆਪਣੇ ਆਪ ਮਿਲ ਜਾਂਦੇ ਹਨ। ਕਲਾਕਾਰ ਚਾਹੇ ਹਿੰਦੁਸਤਾਨੀ ਸੰਗੀਤ ਦਾ ਹੋਵੇ ਜਾਂ ਸੂਫ਼ੀ ਸੰਗੀਤ ਦਾ ਸੰਗੀਤ ਉਸ ਲਈ ਇਬਾਦਤ ਹੈ। ਨਾਦ ਦੀ ਸਾਧਨਾ ਹੀ ਉਸ ਨੂੰ ਪਾਰ ਲੰਘਾ ਸਕਦੀ ਹੈ। ਯੋਗੀ ਵੀ ਤਾਂ ਅਨਹਦ ਨਾਦ ਦੀ ਉਪਾਸਨਾ ਕਰਕੇ ਸਿੱਧੀ ਪਾਉਂਦੇ ਹਨ। ਸੰਗੀਤ ਦੀ ਰੂਹ ਰਾਗ, ਸਵਰ, ਤਾਲ ਸਭ ਇਕ ਹੀ ਹੈ। ਉਹੀ ਸੂਫ਼ੀ ਸੰਗੀਤ ਦਾ ਆਧਾਰ ਹੈ ਤੇ ਉਹੀ ਹਿੰਦੁਸਤਾਨੀ ਸੰਗੀਤ ਵਿਚ ਲਗਦੇ ਹਨ। ਭਾਸ਼ਾ ਭਿੰਨਤਾ ਦੇ ਕਾਰਨ ਜਾਂ ਆਪਣੇ ਧਰਮ ਦੇ ਪ੍ਰਚਾਰ ਪ੍ਰਸਾਰ ਤਹਿਤ ਚਾਹੇ ਥੋੜ੍ਹਾ ਜਿਹਾ ਫ਼ਰਕ ਹੈ ਪਰੰਤੂ ਅੰਤਿਮ ਟੀਚਾ ਇਕ ਹੀ ਪ੍ਰਭੂ ਉਪਾਸਨਾ ਹੀ ਹੈ। ਪਰਿਵਰਤਨਸ਼ੀਲਤਾ ਦੇ ਤਹਿਤ ਚਾਹੇ ਸਮੇਂ ਦੇ ਬਦਲਾਵ ਨਾਲ ਨਵੀਆਂ-ਨਵੀਆਂ ਗਾਇਨ ਸ਼ੈਲੀਆਂ ਨਵੇਂ-ਨਵੇਂ ਸਾਜ ਪਰੰਪਰਾ ਦਾ ਪੁਟ ਲੈ ਕੇ ਪ੍ਰਚਾਰ ਵਿਚ ਆਏ ਹਨ ਪਰੰਤੂ ਆਰਾਧਨਾ ਨਾਦ ਦੀ ਹੈ।"[3]

---

[1] ਪਦਮਸ੍ਰੀ ਪੂਰਨ ਚੰਦ ਜੀ ਵਡਾਲੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।
[2] ਉਸਤਾਦ ਅਹਿਮਦ ਹੁਸੈਨ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।
[3] ਉਸਤਾਦ ਮੁਹੰਮਦ ਹੁਸੈਨ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।

**6.1.4** "ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਅਸਲ ਵਿਚ ਪੂਰਨ ਰੂਪ ਵਿਚ ਅਧਿਆਤਮਿਕ ਸੰਗੀਤ ਹੈ। ਸੰਗੀਤ ਦਾ ਆਰੰਭ ਹੀ ਅਧਿਆਤਮਿਕ ਭਾਵਾਂ ਦੀ ਅਭਿਵਿਅਕਤੀ ਹੇਤੂ ਹੋਇਆ ਹੈ। ਰਾਗ, ਤਾਲ, ਲੈਅ ਸੰਗੀਤ ਦਾ ਆਧਾਰ ਹਨ ਚਾਹੇ ਉਹ ਹਿੰਦੁਸਤਾਨੀ ਸੰਗੀਤ ਹੋਵੇ ਜਾਂ ਸੂਫ਼ੀ ਇਹ ਤੱਤ ਸੰਗੀਤ ਦੇ ਪ੍ਰਾਣ ਹਨ। ਸੂਫ਼ੀ ਗਾਇਕੀ ਲਈ ਸ਼ਾਸ਼ਤਰੀ ਸੰਗੀਤ ਦਾ ਗਿਆਨ ਬਹੁਤ ਜ਼ਰੂਰੀ ਹੈ। ਸ਼ਾਸ਼ਤਰੀ ਸੰਗੀਤ ਕੋਈ ਵੱਖਰੀ ਕਲਾ ਨਹੀਂ ਬਲਕਿ ਲੋਕ ਗੀਤਾਂ ਨੂੰ ਹੀ ਨਿਯਮਾਂ ਵਿਚ ਬੰਨ ਕੇ ਸ਼ਾਸਤਰੀ ਰੂਪ ਦਿੱਤਾ ਜਾਂਦਾ ਹੈ। ਲੋਕ ਗੀਤ ਭਾਵ ਲੋਕਾਂ ਦਾ ਸੰਗੀਤ ਹੀ ਵਿਸ਼ਵ ਸੰਗੀਤ ਦਾ ਆਰੰਭ ਹੈ। ਸੂਫ਼ੀ ਸੰਗੀਤ ਦਾ ਨਿਭਾਅ ਕਰਦਿਆਂ ਸ਼ਾਸ਼ਤਰੀ ਸੰਗੀਤ ਦੀ ਸੂਝ ਜਾਂ ਗਿਆਨ ਜ਼ਰੂਰੀ ਹੈ। ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਵਿਚ ਭਾਸ਼ਾ ਭੇਦ ਜਾਂ ਸੰਸਕ੍ਰਿਤੀ ਭੇਦ ਹੋਣ ਦੇ ਕਾਰਨ ਇਹਨਾਂ ਦੀਆਂ ਗਾਇਨ ਸ਼ੈਲੀਆ ਅਲੱਗ-ਅਲੱਗ ਹਨ। ਪਰੰਤੂ ਦੋਹਾਂ ਵਿਚ ਹੀ ਸ਼ਬਦ ਅਤੇ ਸਵਰ ਦੇ ਸੁਮੇਲ ਨਾਲ ਉਸ ਪ੍ਰਮਾਤਮਾ ਦੀ ਹੀ ਉਸਤਤੀ ਅਰਾਧਨਾ ਕੀਤੀ ਜਾਂਦੀ ਹੈ।ਵਰਤਮਾਨ ਦੌਰ ਵਿਚ ਜੇਕਰ ਗਾਇਕੀ ਕਮਰਸ਼ੀਅਲ ਹੋ ਰਹੀ ਤਾਂ ਗਲਤ ਨਹੀਂ ਹੈ ਕਿਉਂਕਿ ਹਰੇਕ ਮਨੁੱਖ ਨੇ ਰੋਜ਼ੀ-ਰੋਟੀ ਤਾਂ ਕਮਾਉਣੀ ਹੀ ਹੈ। ਪ੍ਰੰਤੂ ਕਲਾਕਾਰਾਂ ਨੂੰ ਚਾਹੀਦਾ ਹੈ ਕਿ ਸੂਫ਼ੀ ਕਲਾਮ ਜਾਂ ਜਿਹੜੇ ਵੀ ਕਾਵਿ ਦੀ ਸੰਗੀਤਕ ਪੇਸ਼ਕਾਰੀ ਕਰਨੀ ਹੈ ਉਸਦੇ ਸ਼ਬਦਾਂ ਨੂੰ ਅਦਬੀ ਲਹਿਜੇ ਵਿਚ ਪੇਸ਼ ਕਰਨ। ਪੇਸ਼ਕਾਰੀ ਤੋਂ ਪਹਿਲਾਂ ਸਾਹਿਤ ਨੂੰ ਚੰਗੀ ਤਰ੍ਹਾਂ ਪੜ੍ਹਿਆ ਜਾਵੇ ਭਾਵਾਂ ਨੂੰ ਸਮਝਿਆ ਜਾਵੇ ਅਤੇ ਫਿਰ ਜਦੋਂ ਉਹ ਜ਼ਹਿਨ ਵਿਚ ਬੈਠ ਜਾਣ ਫਿਰ ਉਹਨਾਂ ਦਾ ਨਿਭਾਅ ਕੀਤਾ ਜਾਵੇ ਤਾਂ ਜੋ ਪੇਸ਼ਕਾਰੀ ਦਿੰਦਿਆਂ ਭਾਵ ਅਭਿਵਿਅਕਤੀ ਹੋ ਸਕੇ ਅਤੇ ਸ਼ਰੋਤਾਂ ਵੀ ਅਨੰਦ ਦੇ ਭਾਗੀਦਾਰ ਬਣ ਸਕਣ। ਗਾਇਕੀ ਵਿਚ ਨਵੀਨਤਾ ਉਸ ਸੀਮਾ ਤੱਕ ਕੀਤੀ ਜਾਵੇ ਜਿਸ ਨਾਲ ਪਰੰਪਰਾ ਨੂੰ ਠੇਸ ਨਾ ਪਹੁੰਚੇ।"[1]

**6.1.5** "ਸੰਗੀਤ ਪੂਰੀ ਦੁਨੀਆਂ ਦਾ ਇਕੋ ਜਿਹਾ ਹੁੰਦਾ ਹੈ ਸਿਰਫ਼ ਲਗਾਓ 'ਚ ਫ਼ਰਕ ਹੈ। ਦੁਨੀਆਂ ਵਿਚ ਸਭ ਤੋਂ ਪਹਿਲਾਂ ਲੋਕਾਂ ਦਾ ਸੰਗੀਤ ਸੀ। ਜਿਸਨੂੰ ਲੋਕ ਸੰਗੀਤ ਕਿਹਾ ਜਾਂਦਾ ਹੈ ਇਸੇ ਨੂੰ ਹੀ ਨਿਯਮਾਂ ਵਿਚ ਬੰਨ ਕੇ ਕਲਾਸੀਕਲ ਸੰਗੀਤ ਬਣਿਆ। ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੇ ਕਲਾਤਮਕ ਤੱਤਾਂ ਵਿਚ ਕੋਈ ਫ਼ਰਕ ਨਹੀਂ ਹੈ, ਉਹੀ ਸਵਰ, ਉਹੀ ਤਾਲ, ਉਹੀ ਰਾਗ, ਸਿਰਫ਼ ਅਲਫਾਜਾਂ ਦਾ ਫ਼ਰਕ ਹੈ, ਨਿਭਾਅ ਦਾ ਫ਼ਰਕ ਹੈ। ਸੂਫ਼ੀ ਸੰਗੀਤ ਸਿੱਖਿਆ ਨਹੀਂ ਜਾਂਦਾ, ਸੂਫ਼ੀ ਸੰਗੀਤ ਜੀਵਿਆ ਜਾਂਦਾ ਹੈ, ਹੰਢਾਇਆ ਜਾਂਦਾ ਹੈ। ਸੂਫ਼ੀ ਖੁਦ ਆਨੰਦ ਵਿਚ ਹੁੰਦਾ ਹੈ ਅਤੇ ਉਸ ਉੱਤੇ ਕੈਫ਼ੀਅਤ ਵਾਲੀ ਮਸਤੀ ਤਾਰੀ ਹੋ ਜਾਂਦੀ ਹੈ। ਹਿੰਦੁਸਤਾਨੀ ਸੰਗੀਤ ਦੀਆਂ ਸ਼ੈਲੀਆਂ ਜਿਵੇਂ ਧਰੁਪਦ, ਧਮਾਰ, ਖਿਆਲ ਸਭ ਦੀ ਆਪਣੀ ਵੱਖਰੀ ਪਹਿਚਾਣ ਹੈ। ਇਸੇ ਤਰ੍ਹਾਂ ਹੀ ਕੱਵਾਲੀ, ਗ਼ਜ਼ਲ, ਕਾਫ਼ੀ ਦੀ ਆਪਣੀ ਖੁਸ਼ਬੂ ਹੈ। ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਵਿਚ ਭਾਸ਼ਾ ਭੇਦ ਹੋਣ ਦੇ ਕਾਰਨ ਅਲਫ਼ਾਜ ਵੱਖਰੇ ਹੋ ਸਕਦੇ ਹਨ ਪਰ ਦੋਹਾਂ ਦਾ ਟੀਚਾ ਜਾਂ ਉਦੇਸ਼ ਉਸੇ ਪਰਵਰਦਿਗਾਰ ਤੱਕ ਪਹੁੰਚ ਹੀ ਹੈ। ਲੋਕ ਗੀਤ ਜਾਂ ਫਿਲਮੀ ਗੀਤ ਤਾਂ ਲੋਕ ਰੰਜਨ ਲਈ ਹਨ ਪ੍ਰੰਤੂ

[1] ਉਸਤਾਦ ਪੂਰਨ ਸ਼ਾਹ ਕੋਟੀ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।

ਜੋ ਸਕੂਨ ਜਾਂ ਰੂਹ ਦੀ ਤਸੱਲੀ ਅਧਿਆਤਮਿਕ ਸੰਗੀਤ (ਸ਼ਬਦ, ਭਜਨ, ਸੂਫ਼ੀ ਕਲਾਮ) ਦੇ ਗਾਇਨ ਨਾਲ ਹੁੰਦੀ ਹੈ ਉਹ ਬਿਆਨ ਨਹੀਂ ਕੀਤੀ ਜਾ ਸਕਦੀ।ਅੱਜਕਲ ਦੇ ਸੂਫ਼ੀ ਕਲਾਕਾਰ ਨੂੰ ਚਾਹੀਦਾ ਹੈ ਕਿ ਸੂਫ਼ੀ ਸੰਤਾਂ ਦੇ ਸ਼ੁੱਧ ਕਲਾਮ ਨੂੰ ਗਾਉਣ ਨਾ ਕਿ ਸੰਤਾਂ ਦੇ ਕਲਾਮ ਵਿਚ ਆਪਣੇ ਸ਼ਬਦ ਜੋੜਨ। ਇਸ ਤਰ੍ਹਾਂ ਕਰਨਾ ਸੂਫ਼ੀਵਾਦ ਦੀ ਬੇਅਦਬੀ ਹੈ। ਹਰ ਸਾਲ ਉਰਸ ਦੇ ਮੌਕੇ ਤੇ ਬਾਬਾ ਲਾਲ ਬਾਦਸ਼ਾਹ ਜੀ ਦੀ ਦਰਗਾਹ ਨਕੋਦਰ ਵਿਖੇ ਮਹਿਫ਼ਲੇ ਸਮਾਅ ਹੁੰਦੀ ਹੈ। ਇਸ ਮੌਕੇ ਤੇ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਪ੍ਰਸਿੱਧ ਕਲਾਕਾਰ ਆਪਣੇ ਫ਼ਨ ਦਾ ਮੁਜ਼ਾਹਰਾ ਕਰਦੇ ਹਨ। ਇਸੇ ਤਰ੍ਹਾਂ ਹੀ ਸੂਫ਼ੀ ਸੰਗੀਤ ਸੰਬੰਧੀ ਸੈਮੀਨਾਰ ਵੀ ਕਰਵਾਏ ਜਾਂਦੇ ਹਨ ਤਾਂ ਜੋ ਆਮ ਲੋਕਾਂ ਨੂੰ ਇਸ ਰੂਹਾਨੀਅਤ ਨਾਲ ਸਰਸਾਰ ਕੀਤਾ ਜਾ ਸਕੇ। ”[1]

**6.1.6** “ਮੌਸੀਕੀ ਰਾਹੀਂ ਫ਼ਨਕਾਰ ਦੀ ਅਤੇ ਆਮ ਲੋਕਾਂ ਦੀ ਤਾਰ ਉਸ ਅੱਲਾ ਨਾਲ ਜੁੜਦੀ ਹੈ। ਮੇਰੀ ਗਾਇਕੀ ਉਸ ਖੁਦਾ ਲਈ ਹੈ ਮੇਰੇ ਮੁਰਸ਼ਦ ਲਈ ਹੈ। ਜਦੋਂ ਮੈਂ ਗਾਉਂਦਾ ਹਾਂ ਤਾਂ ਮੇਰੇ ਮਨ ਵਿਚ ਆਪਣੇ ਮੁਰਸ਼ਦ ਲਈ ਹੂਕ ਉਠਦੀ ਹੈ। ਉਸ ਦਾ ਬਿਆਂ ਮੈਂ ਸ਼ਬਦਾਂ ਵਿਚ ਨਹੀਂ ਕਰ ਸਕਦਾ।ਸੰਗੀਤ ਚਾਹੇ ਉਹ ਸੂਫ਼ੀ ਸੰਗੀਤ ਹੋਵੇ ਜਾਂ ਹਿੰਦੁਸਤਾਨੀ ਇਹ ਤਾਂ ਇਬਾਦਤ ਹੈ। ਇਹ ਦਾ ਅੱਲਾ ਦਾ ਅਨਮੋਲ ਤੋਹਫ਼ਾ ਹੈ। ਸੰਗੀਤ ਵਿਚ ਰੰਗ ਕੇ ਹਰ ਪਾਸੇ ਮੁਹੱਬਤ ਹੀ ਨਜ਼ਰ ਆਉਂਦੀ ਹੈ। ਯੋਗੀ ਯੋਗ ਰਾਹੀਂ ਸਾਧਨਾ ਕਰਦੇ ਹਨ ਅਤੇ ਫ਼ਨਕਾਰ ਲੋਕਾਂ ਲਈ ਮੌਸੀਕੀ ਹੀ ਸਾਧਨਾ ਹੈ। ਸੂਫ਼ੀ ਸੰਗੀਤ ਹੋਵੇ ਜਾਂ ਹਿੰਦੁਸਤਾਨੀ ਸੰਗੀਤ ਸਵਰ ਦੋਹਾਂ ਦੀ ਜਿੰਦ-ਜਾਨ ਹਨ। ਫ਼ਨਕਾਰ ਉਸ ਖੁਦਾ ਦੀ ਉਸਤਤ ਵਿਚ ਗਾਉਂਦਾ ਹੈ। ਫਿਰਕੂਵਾਦ, ਭੇਦ-ਭਾਵ ਵਰਗੀਆਂ ਚੀਜਾਂ ਤੋਂ ਫ਼ਨਕਾਰ ਲੋਕ ਬਹੁਤ ਦੂਰ ਹੁੰਦੇ ਹਨ। ਫ਼ਨਕਾਰ ਤਾਂ ਲੋਕਾਂ ਨੂੰ ਅੱਲਾ ਨਾਲ ਜੋੜਦਾ ਹੈ ਅਤੇ ਉਸ ਅੱਲਾ ਦੀ ਬਣਾਈ ਹੋਈ ਕਾਇਨਾਤ ਵਿਚ ਸਭ ਨੂੰ ਇਸ਼ਕ ਕਰਦਾ ਹੈ। ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਵਿਚ ਕੋਈ ਭੇਦ ਭਾਵ ਨਹੀਂ ਹੈ। ਭਾਸ਼ਾ ਦਾ ਫ਼ਰਕ ਜ਼ਰੂਰ ਹੈ। ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੇ ਸਾਂਝੇ ਪ੍ਰੋਗਰਾਮ ਅਸਲ ਵਿਚ ਦੋ ਦੇਸ਼ਾਂ, ਦੋ ਸੰਸਕ੍ਰਿਤੀਆਂ ਦੀ ਸਾਂਝ ਹੈ। ਜਦੋਂ ਪਾਕਿਸਤਾਨ ਦੇ ਫ਼ਨਕਾਰ ਹਿੰਦੁਸਤਾਨ ਦੀ ਧਰਤੀ ਤੇ ਆਉਂਦੇ ਹਨ ਤੇ ਹਿੰਦੁਸਤਾਨੀ ਕਲਾਕਾਰ ਪਾਕਿਸਤਾਨ ਦੀ ਧਰਤੀ ਤੇ ਜਾਂਦੇ ਹਨ ਤਾਂ ਸ਼ਰੋਤੇ ਦੋਹਾਂ ਦੀ ਦੇਸ਼ਾਂ ਦੇ ਕਲਾਕਾਰਾਂ ਨੂੰ ਦਿਲੋਂ ਪਿਆਰ ਦਿੰਦੇ ਹਨ।ਇਹ ਪ੍ਰੋਗਰਾਮ ਜਿਸ ਸਾਂਝ ਦੀ ਆਸ ਨਾਲ ਹੋ ਰਹੇ ਹਨ ਅੱਲਾ ਕਰੇ ਇਹ ਸਾਂਝ ਦੀਆਂ ਤੰਦਾਂ ਨੂੰ ਫ਼ਨਕਾਰ ਲੋਕ ਹੋਰ ਮਜ਼ਬੂਤ ਕਰਣ। ”[2]

**6.1.7** “ਸੰਗੀਤ ਵਿਚ ਸੁਰ ਸਾਂਝੇ ਹਨ, ਤਾਲ ਸਾਂਝੇ ਹਨ। ਫ਼ਨਕਾਰ ਸਾਰੇ ਸਾਂਝੇ ਹਨ ਚਾਹੇ ਉਹ ਲਹਿੰਦੇ ਪੰਜਾਬ ਦੇ ਹੋਣ ਜਾਂ ਚੜਦੇ ਪੰਜਾਬ ਦੇ। ਸਾਡੇ ਸਵਰ ਮਿਲਦੇ ਹਨ, ਸ਼ਬਦ ਮਿਲਦੇ ਹਨ, ਲਿਬਾਸ ਮਿਲਦਾ ਹੈ, ਬੋਲੀ ਮਿਲਦੀ ਹੈ। ਜਦੋਂ ਅਸੀਂ ਭਾਰਤ ਵਿਚ ਪ੍ਰੋਗਰਾਮ ਕਰਨ ਆਉਂਦੇ ਹਾਂ ਤਾਂ ਸਾਨੂੰ ਲਗਦਾ ਹੈ ਕਿ ਅਸੀਂ ਆਪਣੇ ਹੀ ਘਰ ਆਏ ਹਾਂ। ਭਾਰਤੀ ਲੋਕ ਸਾਨੂੰ ਪਿਆਰ ਕਰਦੇ ਹਨ। ਜਦੋਂ

[1] ਪਦਮਸ੍ਰੀ ਹੰਸ ਰਾਜ ਹੰਸ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।
[2] ਸਾਂਈ ਜ਼ਹੂਰ ਅਹਿਮਦ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।

ਅਸੀਂ ਆਪਣੇ ਪੀਰਾਂ ਦਾ ਕਲਾਮ ਪੇਸ਼ ਕਰਦੇ ਹਾਂ ਤਾਂ ਭਾਰਤੀ ਵੀ ਰੂਹਾਨੀਅਤ ਭਰੇ ਅੰਦਾਜ਼ ਨਾਲ ਕਲਾਮ ਸੁਣਦੇ ਹਨ। ਹਿੰਦੁਸਤਾਨੀ ਸੰਗੀਤ ਜਾਂ ਸੂਫ਼ੀ ਸੰਗੀਤ ਉਸੇ ਇਸ਼ਟ ਦੀ ਇਬਾਦਤ ਦਾ ਮਾਧਿਅਮ ਹੈ। ਫ਼ਨਕਾਰ ਲੋਕ ਪਿਆਰ ਦਾ ਮੁਹੱਬਤ ਦਾ ਬਰਿਜ ਬਣਾਉਂਦਾ ਹੈ। ਜੋ ਕੰਮ ਤਲਵਾਰ ਨਹੀਂ ਕਰ ਸਕਦੀ ਉਹ ਪਿਆਰ ਕਰਦਾ ਹੈ। ਫ਼ਨਕਾਰ ਫ਼ਕੀਰ ਹੁੰਦਾ ਹੈ ਅਤੇ ਉਹ ਬਣਿਆ ਹੀ ਮੁਹੱਬਤ ਲਈ ਹੁੰਦਾ ਹੈ। ਦੋਹਾਂ ਪੰਜਾਬਾਂ ਵਿਚ ਚਾਹੇ ਲਕੀਰ ਹੈ ਪਰ ਸਾਡੇ ਦਿਲਾਂ ਵਿਚ ਲਕੀਰ ਨਹੀਂ ਪੈਣੀ ਚਾਹੀਦੀ। ਵੱਡੇ ਦਿਮਾਗਾਂ ਵਾਲੇ, ਇਹਨਾਂ ਦੇਸ਼ਾਂ ਵਿਚ ਪਈਆਂ ਲਕੀਰਾਂ ਦੇ ਹੱਲ ਕੱਢ ਸਕਦੇ ਹਨ। ਅੱਲਾ ਕਰੇ ਕਦੀ ਫਿਰ ਦੋਵੇਂ ਪੰਜਾਬ ਇਕ ਹੋ ਜਾਣ। ਅਜੋਕੇ ਕਲਾਕਾਰਾਂ ਨੂੰ ਮੇਰੀ ਇਹ ਦਰਖ਼ਾਸਤ ਹੈ ਕਿ ਉਹ ਸੰਗੀਤ ਨੂੰ ਇਬਾਦਤ ਸਮਝਣ ਅਤੇ ਸੰਗੀਤ ਦੀ ਸਾਧਨਾ ਕਰਕੇ ਫ਼ਨਕਾਰੀ ਰਾਹੀਂ ਆਮ ਜਨਤਾ ਦੀ ਖਿਦਮਤ ਕਰਨ।"[1]

**6.1.8** "ਕਿਸੇ ਵੀ ਸ਼ੈਲੀ ਦੇ ਆਰੰਭ ਹੋਣ ਤੋਂ ਪਹਿਲਾਂ ਸ਼ਾਜੀਨਾ ਮਾਹੌਲ ਸਿਰਜਣ ਵਿਚ ਵਾਦਕ ਦੀ ਅਹਿਮ ਭੂਮਿਕਾ ਹੁੰਦੀ ਹੈ ਕਿਉਂਕਿ ਵਾਦਕ ਹੀ ਉਸ ਸ਼ੈਲੀ ਦਾ ਪਹਿਲਾਂ ਸਾਜ਼ਾਂ ਰਾਹੀਂ ਮਾਹੌਲ ਸਿਰਜਦੇ ਹਨ। ਸਾਜ਼ ਗਾਇਕੀ ਵਿੱਚ ਨਿਖਾਰ ਲਿਆਉਂਦੇ ਹਨ। ਸੂਫ਼ੀ ਸੰਗੀਤ ਦੇ ਇਤਿਹਾਸ ਵਲ ਝਾਤ ਪਾਈਏ ਤਾਂ ਰਬਾਬ, ਚੰਗ, ਇਕਤਾਰਾ, ਡਫ਼ ਆਦਿ ਸਾਜ਼ਾਂ ਦੇ ਵਾਦਨ ਦੇ ਇਤਿਹਾਸਿਕ ਪ੍ਰਮਾਣ ਮਿਲਦੇ ਹਨ। ਇਸੇ ਦੇ ਸਮਕਾਲੀ ਹਿੰਦੁਸਤਾਨੀ ਸੰਗੀਤ ਵਿੱਚ ਵੀਣਾ, ਸਿਤਾਰ, ਸਰੋਦ, ਪਖਾਵਜ, ਤਬਲਾ, ਤਾਨਪੁਰਾ, ਆਦਿ ਦਾ ਵਰਣਨ ਮਿਲਦਾ ਹੈ। ਪ੍ਰੰਤੂ ਵਰਤਮਾਨ ਸੰਦਰਭ ਵਿੱਚ ਲੋਕ ਰੁਚੀ ਨੂੰ ਦੇਖਦੇ ਹੋਏ ਵਾਦਾਂ ਵਿੱਚ ਵੀ ਬਦਲਾਵ ਆਇਆ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਪੱਛਮੀ ਸਾਜ਼ਾਂ ਦਾ ਪ੍ਰਯੋਗ ਬਹੁਤ ਹੋ ਰਿਹਾ ਹੈ। ਹਰੇਕ ਦੇਸ਼ ਦੇ ਚੰਗੇ ਸੰਗੀਤ ਨੂੰ ਚਾਹੇ ਉਹੀ ਗਾਇਕੀ ਹੋਵੇ ਜਾਂ ਸਾਜ਼ ਆਪਣੇ ਸੰਗੀਤ ਵਿੱਚ ਪ੍ਰਯੋਗ ਕਰਨਾ ਸੰਗੀਤ ਖੇਤਰ ਵਿਚ ਉੱਨਤੀ ਦਾ ਪ੍ਰਤੀਕ ਹੈ। ਪਰੰਪਰਾ ਨੂੰ ਮੂਲ ਮੰਨਦੇ ਹੋਏ ਉਸ ਵਿਚ ਨਵੀਨਤਾ ਦਾ ਅੰਸ਼ ਭਰਨਾ ਤਾਂ ਕਲਾਤਮਿਕਤਾ ਹੈ। ਪਰੰਪਰਾ ਸਦਾ ਪ੍ਰਵਾਹਸ਼ੀਲ ਤਾਂ ਹੀ ਰਹਿ ਸਕਦੀ ਹੈ ਜੇਕਰ ਉਸ ਵਿੱਚ ਨਵੇਂ ਰੰਗ ਨੂੰ ਭਰਿਆ ਜਾਵੇ। ਪਰੰਪਰਾ ਉਸ ਸਮੁੰਦਰ ਦੀ ਤਰ੍ਹਾਂ ਹੈ ਜੋ ਸਦਾ ਪ੍ਰਵਾਹਸ਼ੀਲ ਰਹਿੰਦਾ ਹੈ ਜੇਕਰ ਉਸ ਵਿੱਚ ਖੜੋਤ ਆ ਜਾਵੇਗੀ ਤਾਂ ਸੜਨ ਪੈਦਾ ਹੋ ਜਾਵੇਗੀ। ਸੋ ਸੰਗੀਤ ਵਿੱਚ ਵੀ ਸਮੁੰਦਰ ਦੀ ਤਰ੍ਹਾਂ ਪ੍ਰਵਾਹ ਜਰੂਰੀ ਹੈ।"[2]

**6.1.9** "ਸੰਗਤ ਕਰਨਾ ਕਿਸੇ ਵੀ ਸ਼ੈਲੀ ਦਾ ਸ਼ਿੰਗਾਰ ਕਰਨ ਦੀ ਤਰ੍ਹਾਂ ਹੁੰਦਾ ਹੈ। ਜਿਸ ਤਰ੍ਹਾਂ ਸ਼ਿੰਗਾਰ ਸੁੰਦਰਤਾ ਨੂੰ ਵਧਾਉਣ ਦੇ ਲਈ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਹੀ ਵਾਦਕ ਗਾਇਕੀ ਦਾ ਸ਼ਿੰਗਾਰ ਵਧਾਉਂਦਾ ਹੈ। ਸੰਗਤ ਕਰਦਿਆਂ ਕਦੀ ਵੀ ਗਾਇਕ ਨੂੰ Oveshadow ਨਹੀਂ ਕਰਨਾ ਚਾਹੀਦਾ ਅਤੇ ਗਾਇਕ ਨੂੰ ਵੀ ਇਹ ਚਾਹੀਦਾ ਹੈ ਕਿ ਉਹ ਵਾਦਕ ਨੂੰ ਵੀ ਆਪਣੀ ਕਲਾ ਦਿਖਾਉਣ ਦਾ ਅਵਸਰ ਦੇਵੇ। ਗਾਇਕ ਅਤੇ ਵਾਦਕ ਦੇ ਸਹਿਯੋਗ ਨਾਲ ਹੀ ਪ੍ਰੋਗਰਾਮ ਸਫ਼ਲ ਬਣਦਾ ਹੈ। ਅਜੋਕੇ

---

[1] ਮੁਹੰਮਦ ਆਰਿਫ਼ ਲੁਹਾਰ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।

[2] ਉਸਤਾਦ ਅਸਗਰ ਹੁਸੈਨ ਖਾਂ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।

ਸੰਦਰਭ ਵਿਚ ਸਰੋਤਾਵਾਂ ਦੀ ਰੁਚੀ, ਸਮੇਂ ਦੇ ਹਿਸਾਬ ਨਾਲ ਗਾਇਨ, ਵਾਦਨ ਦੋਹਾਂ ਵਿਚ ਹੀ ਪਰਿਵਰਤਨ ਦ੍ਰਿਸ਼ਟੀਗੋਚਰ ਹੁੰਦਾ ਹੈ। ਸਮੇਂ ਦੀ ਪਰਿਵਰਤਨਸੀਲਾ ਦੇ ਨਿਯਮ ਤਹਿਤ ਹਰੇਕ ਕਲਾਕਾਰ ਨੂੰ ਚਾਹੀਦਾ ਹੈ ਕਿ ਉਹ ਪਰੰਪਰਾ ਦੇ ਨਾਲ ਜੁੜ ਕੇ ਪੁਰਾਤਨ ਸਾਜਾਂ ਦੇ ਨਾਲ-ਨਾਲ ਨਵੇਂ ਸਾਜਾਂ ਨੂੰ ਵੀ ਸ਼ਾਮਿਲ ਕਰਨ ਤਾਂ ਜੋ ਸੰਗੀਤ ਚਾਹੇ ਸੂਫ਼ੀ ਹੋਵੇ ਜਾਂ ਹਿੰਦੁਸਤਾਨੀ ਸਮੇਂ ਦਾ ਹਮਰਾਹੀ ਬਣੇ ਅਤੇ ਪਰੰਪਰਾ ਦੇ ਨਾਲ-ਨਾਲ ਜਨ-ਸਮੂਹ ਨੂੰ ਆਕਰਸ਼ਿਤ ਕਰੇ। ਅੱਜ ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੇ ਯੋਗ ਕਲਾਕਾਰ ਪਰੰਪਰਾ ਦੇ ਤੱਤਾਂ ਨੂੰ ਹੰਢਾਉਂਦੇ ਹੋਏ ਨਵੀਨੀਕਰਨ ਦੇ ਇਸ ਦੌਰ ਵਿਚ ਸੰਗੀਤ ਰਾਹੀਂ ਆਪਣੇ ਭਾਵਾਂ ਦੀ ਅਭਿਵਿਅਕਤੀ ਕਰ ਰਹੇ ਹਨ।"[1]

**6.1.10** "ਸੰਗੀਤ ਤਾਂ ਸਾਧਨਾ ਹੈ, ਸਵਰਾਂ ਰਾਹੀਂ ਆਤਮਾ ਦੇ ਪ੍ਰਮਾਤਮਾ ਨਾਲ ਮਿਲਾਪ ਦੀ। ਪ੍ਰਮਾਤਮਾ ਨੇ ਕਾਇਨਾਤ ਦੇ ਹਰ ਜ਼ਰ੍ਹੇ ਨੂੰ ਸੰਗੀਤਮਈ ਬਣਾਇਆ ਹੈ ਅਤੇ ਕੁਦਰਤ ਦਾ ਹਰ ਨਜ਼ਾਰਾ, ਹਰ ਮੌਸਮ, ਲੈਆਤਮਕ ਹੈ। ਜਦੋਂ ਇਹ ਲੈਅ ਵਿਗੜਦੀ ਹੈ ਤਾਂ ਪਰਲੋ ਵਾਲੀ ਸਥਿਤੀ ਪੈਦਾ ਹੋ ਜਾਂਦੀ ਹੈ। ਇਸ ਲਈ ਲੈਅ ਜੋ ਕਿ ਸੰਗੀਤ ਦਾ ਹੀ ਨਹੀਂ ਸਾਰੇ ਸੰਸਾਰ ਦਾ ਮਹੱਤਵਪੂਰਨ ਅੰਗ ਹੈ। ਮਨੁੱਖ ਨੇ ਆਪਣੇ ਭਾਵਾਂ ਦੀ ਅਭਿਵਿਅਕਤੀ ਲਈ ਸੰਗੀਤ ਨੂੰ ਮਾਧਿਅਮ ਬਣਾਇਆ ਅਤੇ ਵੱਖਰੇ-ਵੱਖਰੇ ਭਾਵਾਂ ਲਈ ਵੱਖ-ਵੱਖ ਢੰਗ ਜਾਂ ਸ਼ੈਲੀਆਂ ਦਾ ਨਿਰਮਾਣ ਕੀਤਾ।ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੀਆਂ ਜਿਨੀਆਂ ਵੀ ਸ਼ੈਲੀਆਂ ਪ੍ਰਚਾਰ ਵਿਚ ਹਨ ਉਹਨਾਂ ਵਿਚੋਂ ਗ਼ਜ਼ਲ ਗਾਇਨ ਸ਼ੈਲੀ ਹਰ ਵਰਗ, ਹਰ ਧਰਮ, ਹਰ ਦੌਰ ਦੇ ਵਿਚ ਅਧਿਕ ਲੋਕਪ੍ਰਿਅ ਸ਼ੈਲੀ ਰਹੀ ਹੈ। ਮੈਨੂੰ ਇਹ ਕਹਿਣ ਵਿਚ ਕਦੀ ਵੀ ਸੰਕੋਚ ਨਹੀਂ ਹੋਇਆ ਕਿ ਵੱਡੇ ਤੋਂ ਵੱਡਾ ਸ਼ਾਸਤਰੀ ਸੰਗੀਤ ਦਾ ਕਲਾਕਾਰ ਆਪਣੇ ਆਪ ਨੂੰ ਗ਼ਜ਼ਲ ਗਾਇਕੀ ਤੋਂ ਦੂਰ ਨਹੀਂ ਰੱਖ ਸਕਿਆ। ਹਰੇਕ ਕਲਾਕਾਰ ਚਾਹੇ ਉਹ ਆਪਣੇ ਮਿੱਤਰਾਂ ਦੇ ਮਨੋਰੰਜਨ ਦੇ ਲਈ ਜਾਂ ਆਪਣੇ ਖੁਦ ਦੇ ਆਨੰਦ ਦੇ ਲਈ ਉਸ ਨੇ ਕਦੇ ਨਾ ਕਦੇ ਗ਼ਜ਼ਲ ਨੂੰ ਆਪਣੀ ਆਵਾਜ਼ ਦਾ ਜ਼ੇਵਰ ਜ਼ਰੂਰ ਪਹਿਨਾਇਆ ਹੈ। ਨਵੀਨੀਕਰਨ ਦੀ ਆੜ ਵਿਚ ਅੱਜਕੱਲ੍ਹ ਕਈ ਕਲਾਕਾਰ ਸ਼ਿੰਗਾਰਿਕਤਾ ਦਾ ਰੰਗ ਇੰਨਾ ਜ਼ਿਆਦਾ ਭਰਦੇ ਹਨ ਜੋ ਕਿ ਅਸ਼ਲੀਲਤਾ ਵੱਲ ਇਸ਼ਾਰਾ ਕਰਦਾ ਹੈ।"[2]

**6.1.11** "ਵਰਤਮਾਨ ਸਮੇਂ ਵਿਚ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸਿਖਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਸੰਗੀਤ ਦੇ ਪ੍ਰੋਗਰਾਮਾਂ ਰਾਹੀਂ ਸੰਗੀਤ ਦੇ ਸਿਖਿਆਰਥੀਆਂ ਨੂੰ ਮੰਚ ਪ੍ਰਦਾਨ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਦੀ ਕਲਾ ਨੂੰ ਨਿਖਾਰਿਆ ਜਾ ਰਿਹਾ ਹੈ। ਯੂਥ ਫੈਸਟੀਵਲਸ ਵਿਚ ਸੰਗੀਤ ਦੇ ਮੁਕਾਬਲਿਆਂ ਰਾਹੀਂ ਸੰਗੀਤ ਕਲਾ ਨੂੰ ਪ੍ਰੋਤਸਾਹਿਤ ਕੀਤਾ ਜਾ ਰਿਹਾ ਹੈ। ਸਪਿਕ ਮੈਕੇ ਉਤਰ ਖੇਤਰ ਦਾ ਸਭਿਆਚਾਰਿਕ ਕੇਂਦਰ ਹੈ ਜਿਸਦੇ ਪ੍ਰੋਗਰਾਮਾਂ ਰਾਹੀਂ ਸੰਗੀਤ ਦੇ ਕਲਾਤਮਕ ਪੱਖ ਨੂੰ ਉਜਾਗਰ ਕੀਤਾ ਜਾ ਰਿਹਾ ਹੈ। ਇਸ ਕੇਂਦਰ ਦੇ ਦੁਆਰਾ ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੇ ਅੰਤਰਰਾਸ਼ਟਰੀ ਪੱਧਰ ਦੇ ਕਲਾਕਾਰਾਂ ਨੂੰ ਮੰਚ ਪ੍ਰਦਾਨ ਕਰਕੇ

[1] ਉਸਤਾਦ ਸਈਦ ਖਾਂ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।
[2] ਡਾ. ਪ੍ਰੇਮ ਭੰਡਾਰੀ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।

ਸੰਗੀਤਕ ਅਤੇ ਸਭਿਆਚਾਰਿਕ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਦੂਰਦਰਸ਼ਨ ਅਤੇ ਰੇਡੀਓ ਤੋਂ ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੇ ਪ੍ਰੋਗਰਾਮਾਂ ਰਾਹੀਂ ਆਮ ਲੋਕਾਂ ਨੂੰ ਰਸਾ ਅਨੁਭੂਤੀ ਕਰਵਾਈ ਜਾ ਰਹੀ ਹੈ। ਫ਼ਿਲਮੀ ਸੰਗੀਤ ਰਾਹੀਂ ਵੀ ਸ਼ਾਸਤਰੀ ਸੰਗੀਤ ਅਤੇ ਸੂਫ਼ੀ ਸੰਗੀਤ ਨੂੰ ਦਰਸਾਇਆ ਜਾ ਰਿਹਾ ਹੈ। ਸੰਗੀਤ ਵਿਚ ਨਵੇਂ-ਨਵੇਂ ਪ੍ਰਯੋਗ ਹੋ ਰਹੇ ਹਨ। ਪਰੰਪਰਾਗਤ ਸ਼ੈਲੀਆਂ ਵਿਚ ਵਿਦੇਸ਼ੀ ਧੁਨਾਂ ਅਤੇ ਵਿਦੇਸ਼ੀ ਸਾਜਾਂ ਦੇ ਸੁਮੇਲ ਰਾਹੀਂ ਸੰਗੀਤ ਵਿਕਾਸ ਦੀਆਂ ਪੈੜਾਂ ਤਹਿ ਕਰ ਰਿਹਾ ਹੈ। ਵਿਦੇਸ਼ੀ ਪ੍ਰਭਾਵ ਨੂੰ ਚਾਹੇ ਅੱਜ ਸਾਰੇ ਵਿਸ਼ਵਵਿਖਿਆਤ ਕਲਾਕਾਰ ਕਬੂਲ ਚੁੱਕੇ ਹਨ ਪਰ ਇਹ ਪ੍ਰਭਾਵ ਸਿਰਫ਼ ਉੱਥੋਂ ਤੱਕ ਹੀ ਉਚਿਤ ਹੈ ਜਿਸ ਨਾਲ ਪਰੰਪਰਾ ਨੂੰ ਠੇਸ ਨਾ ਪਹੁੰਚੇ। ਕਲਾਕਾਰ ਵਰਗ ਦੇ ਨਾਲ-ਨਾਲ ਸੰਗੀਤ ਦੇ ਅਧਿਆਪਨ ਖੇਤਰ ਦੇ ਆਚਾਰਿਆ ਦਾ ਵੀ ਇਹ ਕਰਤੱਵ ਬਣਦਾ ਹੈ ਕਿ ਉਹ ਸੰਗੀਤਕ ਤੱਤਾਂ ਜਿਵੇਂ ਕਿ ਰਾਗ, ਤਾਲ, ਸਵਰ ਦਾ ਧਿਆਨ ਰੱਖਣ ਦੇ ਨਾਲ-ਨਾਲ ਸਾਹਿਤ ਨੂੰ ਓਨ੍ਹਾਂ ਹੀ ਮਹੱਤਵ ਦੇਣ ਤਾਂ ਜੋ ਸਾਡੇ ਸੰਤਾਂ ਸੂਫ਼ੀਆਂ, ਫ਼ਕੀਰਾਂ ਦੇ ਅਨਮੋਲ ਬਚਨਾਂ ਦੀ ਵਿਰਾਸਤੀ ਪੂੰਜੀ ਨੂੰ ਸੰਭਾਲਿਆ ਜਾ ਸਕੇ। ਅੱਜਕਲ੍ਹ ਸੂਫ਼ੀ ਸੰਗੀਤ ਨੂੰ ਕਲਾਕਾਰਾਂ ਨੇ ਪੇਸ਼ਾ ਬਣਾ ਲਿਆ ਹੈ। ਕਈ ਕਲਾਕਾਰ ਇਕ ਤੁਕ ਕਿਸੇ ਫ਼ਕੀਰ ਦੀ ਗਾ ਕੇ ਬਾਕੀ ਆਪਣੀਆਂ ਹੀ ਪੰਕਤੀਆਂ ਜੋੜ ਕੇ ਗਾ ਰਹੇ ਹਨ। ਸਿਰਫ਼ ਸੂਫ਼ੀ ਪਹਿਰਾਵਾ ਪਹਿਨ ਕੇ ਜਾਂ ਸੂਫ਼ੀ ਕਲਾਮ ਦੀ ਇਕ ਪੰਕਤੀ ਗਾ ਕੇ ਸੂਫ਼ੀ ਗਾਇਕ ਨਹੀਂ ਬਣਿਆ ਜਾ ਸਕਦਾ। ਸੂਫ਼ੀ ਗਾਇਕ ਬਨਣ ਲਈ ਆਤਮਾ ਤੋਂ ਸੂਫ਼ੀ ਹੋਣਾ ਪੈਂਦਾ ਹੈ। ਸੂਫ਼ੀ ਕਲਾਮ ਨੂੰ ਪੜ੍ਹ ਕੇ ਉਸ ਨੂੰ ਧੁਰ ਅੰਦਰ ਉਤਾਰ ਕੇ ਅਤੇ ਅਦਬੀ ਲਹਿਜੇ ਵਿਚ ਪੇਸ਼ ਕਰਨਾ ਸੂਫ਼ੀ ਸੰਗੀਤ ਹੈ।"[1]

**6.1.12** "ਸੂਫ਼ੀ ਸੰਗੀਤ ਜਾਂ ਅਧਿਆਤਮਿਕ ਸੰਗੀਤ ਵਿਚ ਸਵਰ ਤੋਂ ਜ਼ਿਆਦਾ ਸ਼ਬਦਾਂ ਦਾ ਮਹੱਤਵ ਹੁੰਦਾ ਹੈ ਅਤੇ ਸ਼ਬਦਾਂ ਦਾ ਦੁਹਰਾਓ ਕਰਕੇ ਭਾਵ ਨੂੰ ਪੱਕਾ ਕੀਤਾ ਜਾਂਦਾ ਹੈ। ਅਧਿਆਤਮਿਕ ਸੰਗੀਤ ਵਿਚ ਕਲਿਸ਼ਟਤਾ ਘੱਟ ਹੁੰਦੀ ਹੈ ਅਤੇ ਲੈਅਕਾਰੀ ਜ਼ਿਆਦਾ ਹੁੰਦਾ ਹੈ। ਘਣ ਵਾਦਾਂ ਦਾ ਪ੍ਰਯੋਗ ਜਿਆਦਾ ਕੀਤਾ ਜਾਂਦਾ ਹੈ ਤਾਂ ਜੋ ਸਮੂਹ ਨੂੰ ਲੈਅ ਦੇ ਬਹਾਵ ਨਾਲ ਉਸ ਸੰਗੀਤਕ ਕਾਵਿ ਰਚਨਾ ਨਾਲ ਜੋੜਿਆ ਜਾ ਸਕੇ। ਪੱਛਮੀ ਪ੍ਰਭਾਵ ਦੇ ਕਾਰਨ ਨਵੇਂ-ਨਵੇਂ ਵਾਦਾਂ ਦਾ ਪ੍ਰਯੋਗ ਅੱਜਕਲ ਦੇ ਕਲਾਕਾਰ ਗਾਇਨ ਦੇ ਨਾਲ ਕਰ ਰਹੇ ਜੋ ਕਿ ਸਮਾਂ ਅਤੇ ਸਰੋਤਾਂ ਦੀ ਰੁਚੀ ਦੇ ਅਨੁਸਾਰ ਠੀਕ ਹੈ।ਅੱਜਕਲ੍ਹ ਦੇ ਕਲਾਕਾਰਾਂ ਅਤੇ ਸੰਗੀਤ ਦੇ ਸਿਖਿਆਰਥੀਆਂ ਨੂੰ ਮੇਰਾ ਇਹ ਸੁਝਾਅ ਹੈ ਕਿ ਉਹ ਸ਼ਾਸਤਰੀ ਸੰਗੀਤ ਦੇ ਕਲਾ ਪੱਖ ਅਤੇ ਭਾਵ ਪੱਖ ਨੂੰ ਯੋਗ ਗੁਰੂ ਦੀ ਅਗਵਾਈ ਵਿਚ ਸਿੱਖ ਕੇ ਅਤੇ ਕਾਵਿ ਰਚਨਾ ਦੇ ਸਾਹਿਤ ਨੂੰ ਸਮਝ ਕੇ ਗਾਇਨ ਕਰਨ ਤਾਂ ਹੀ ਉਹਨਾਂ ਦੀ ਪੇਸ਼ਕਾਰੀ ਸਫ਼ਲ ਹੋ ਸਕਦੀ ਹੈ। ਸੂਫ਼ੀ ਕਲਾਮ ਦਾ ਨਿਭਾਅ ਕਰਦਿਆਂ ਸੂਫ਼ੀ ਸੰਤਾਂ ਦੇ ਕਲਾਮ ਨੂੰ ਸ਼ੁੱਧ ਰੂਪ ਵਿਚ ਪੇਸ਼ ਕਰਨ। ਸਿਰਫ਼ ਸੂਫ਼ੀ ਪਹਿਰਾਵਾ ਪਾ ਕੇ ਜਾਂ ਕੁਝ ਬੋਲ ਸੂਫ਼ੀ ਕਲਾਮ ਦੇ ਗਾ ਕੇ ਸੂਫ਼ੀ ਗਾਇਕ

[1] ਡਾ. ਅਰੁਣ ਮਿਸ਼ਰਾ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।

ਨਹੀਂ ਬਣਿਆ ਜਾ ਸਕਦਾ ਬਲਕਿ ਸੂਫ਼ੀ ਗਾਇਕ ਬਨਣ ਲਈ ਪਹਿਲਾਂ ਖੁਦ ਨੂੰ ਪਾਕ ਕਰਨਾ ਪੈਂਦਾ ਹੈ ਤਾਂ ਹੀ ਸੂਫ਼ੀ ਗਾਇਕੀ ਸਫ਼ਲ ਹੋ ਸਕਦੀ ਹੈ।"[1]

**6.1.13** "ਸਮਸਤ ਸੰਗੀਤ ਅਧਿਆਤਮ ਵਿਚੋਂ ਹੀ ਉਪਜਿਆ ਹੈ। ਸੰਗੀਤ ਅਤੇ ਅਧਿਆਤਮਿਕ ਦਾ ਰਿਸ਼ਤਾ ਸਰੀਰ ਅਤੇ ਆਤਮਾ ਦਾ ਹੈ। ਸੂਫ਼ੀ ਸੰਗੀਤ ਹੋਵੇ ਜਾਂ ਹਿੰਦੁਸਤਾਨੀ ਸੰਗੀਤ ਸਭ ਦਾ ਉਦੇਸ਼ ਰੂਹਾਨੀ ਭਾਵਾਂ ਦੀ ਸੰਗੀਤਕ ਅਭਿਵਿਅਕਤੀ ਹੈ। ਭਗਤੀ ਲਹਿਰ ਦੇ ਸਮੇਂ ਦੇਵਾਲਿਆ ਸੰਗੀਤ ਵਿਚ ਧਰੁਪਦ, ਧਮਾਰ ਗਾਇਨ ਸ਼ੈਲੀਆ ਦਾ ਨਿਰਵਾਹ ਸ਼ੁੱਧ ਸ਼ਾਸਤਰੀ ਸੰਗੀਤ ਵਿਚ ਹੁੰਦਾ ਰਿਹਾ ਹੈ ਅਤੇ ਇਸ ਦੇ ਸਮਕਾਲੀ ਸੂਫ਼ੀਆਂ ਨੇ ਹਿੰਦੁਸਤਾਨੀ ਸੰਗੀਤ ਦੇ ਸੁਗਮ ਰੂਪ ਵਿਚ ਅਧਿਆਤਮਿਕ ਭਾਵਾਂ ਦੀ ਅਭਿਵਿਅਕਤੀ ਹੇਤੂ ਕੱਵਾਲੀ, ਕਾਫ਼ੀ ਗ਼ਜ਼ਲ ਆਦਿ ਰਾਹੀਂ ਆਪਣੇ ਕਲਾਮ ਦਾ ਪ੍ਰਚਾਰ ਪ੍ਰਸਾਰ ਕੀਤਾ। ਸਮੇਂ ਦੇ ਅਨੁਸਾਰ ਜਿਹੜੀ ਵੀ ਸ਼ੈਲੀ ਪ੍ਰਚਾਰ ਵਿਚ ਹੁੰਦੀ ਹੈ ਉਸੇ ਹੀ ਸ਼ੈਲੀ ਵਿਚ ਅਧਿਆਤਮਿਕ ਕਾਵਿ ਦਾ ਗਾਇਨ ਹੁੰਦਾ ਹੈ। ਵਰਤਮਾਨ ਦੌਰ ਵਿਚ ਸੰਗੀਤ ਕਮਰਸ਼ੀਅਲ ਹੋ ਰਿਹਾ ਹੈ। ਸਾਹਿਤਕ ਪੱਖ ਵੱਲ ਕਲਾਕਾਰ ਧਿਆਨ ਘੱਟ ਦੇ ਰਹੇ ਹਨ। ਸਾਹਿਤ ਨੂੰ ਸਮਝ ਅਤੇ ਸਾਹਿਤ ਦੇ ਮੁਤਾਬਿਕ ਰਾਗ, ਲੈਅ ਦਾ ਚੁਨਾਵ ਕਰਨਾ ਚਾਹੀਦਾ ਹੈ। ਸਹੀ ਚੋਣ ਦੇ ਨਾਲ ਹੀ ਸਾਹਿਤਕ ਤੱਤਾਂ ਦੀ ਭਾਵ ਅਭਿਵਿਅਕਤੀ ਕੀਤੀ ਜਾ ਸਕਦੀ ਹੈ।"[2]

**6.1.14** "ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਅਸਲ ਵਿਚ ਸੰਗੀਤ ਦੀਆਂ ਹੀ ਦੋ ਸ਼ਾਖਾਵਾਂ ਹਨ। ਆਮ ਲੋਕਾਂ ਦੀ ਸਮਝ ਵਿਚ ਹਿੰਦੁਸਤਾਨੀ ਸੰਗੀਤ ਸਿਰਫ ਸ਼ੁੱਧ ਸ਼ਾਸਤਰੀ ਸੰਗੀਤ ਹੀ ਹੈ। ਪ੍ਰੰਤੂ ਹਿੰਦੁਸਤਾਨੀ ਸੰਗੀਤ ਦੇ ਅੰਤਰਗਤ ਲੋਕ ਸੰਗੀਤ ਅਤੇ ਸੁਗਮ ਸੰਗੀਤ ਵੀ ਆਉਂਦੇ ਹਨ। ਜਦੋਂ ਸ਼ਾਸਤਰੀ ਸੰਗੀਤ ਵਿਚ ਥੋੜਾ ਜਿਹਾ ਸੁਗਮ ਰੰਗ ਭਰ ਕੇ ਸੂਫ਼ੀ ਕਲਾਮ ਦਾ ਗਾਇਨ ਕੀਤਾ ਜਾਂਦਾ ਹੈ ਤਾਂ ਹਿੰਦੁਸਤਾਨੀ ਰਾਗਾਂ ਵਿਚੋਂ ਸੂਫ਼ੀ ਸੰਗੀਤ ਖਿਲਦਾ ਹੈ। ਹਿੰਦੁਸਤਾਨੀ ਸੰਗੀਤ ਹੋਵੇ ਜਾਂ ਸੂਫ਼ੀ ਸੰਗੀਤ ਸਵਰ ਅਤੇ ਲੈਅ ਦੋਹਾਂ ਦਾ ਮੂਲ ਹੈ। ਹਾਂ ਸੂਫ਼ੀਆਨਾ ਗਾਇਕੀ ਵਿਚ ਠਹਿਰਾਵ, ਅਲਫਾਜ ਨੂੰ ਕਹਿਣ ਦਾ ਅੰਦਾਜ, ਸਵਰਾਂ ਦਾ ਲਗਾਵ ਫ਼ਰਕ ਜ਼ਰੂਰ ਹੈ। ਦੂਸਰਾ ਅੰਤਰ ਇਹ ਹੈ ਕਿ ਸੂਫ਼ੀ ਸੰਗੀਤ ਵਿਚ ਸਾਹਿਤਕ ਤੱਤਾਂ ਤੇ ਜ਼ਿਆਦਾ ਤਵੱਜੋ ਦਿੱਤਾ ਜਾਂਦਾ ਹੈ ਜਦਕਿ ਹਿੰਦੁਸਤਾਨੀ ਸੰਗੀਤ ਵਿਚ ਸੰਗੀਤਕ ਪਹਿਲੂਆਂ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ। ਗਾਇਨ ਵਿਚ ਜਿਸ ਤਰ੍ਹਾਂ ਸਾਹਿਤ ਦਾ ਮਹੱਤਵ ਹੈ ਉਸੇ ਤਰ੍ਹਾਂ ਹੀ ਸਮਾਂ, ਸਥਾਨ ਅਤੇ ਸ਼ਰੋਤਾ ਦੇ ਹਿਸਾਬ ਨਾਲ ਗਾਇਨ ਸ਼ੈਲੀ ਵੀ ਬਹੁਤ ਮਹੱਤਵਪੂਰਨ ਹੁੰਦੀ ਹੈ। ਹਿੰਦੁਸਤਾਨੀ ਸੰਗੀਤ ਹੋਵੇ ਜਾਂ ਸੂਫ਼ੀ ਸੰਗੀਤ ਜਦੋਂ ਸਾਹਿਤਕ ਕਾਵਿ ਅਧਿਆਤਮਿਕ ਹੁੰਦਾ ਹੈ ਤਾਂ ਸਭ ਦਾ ਉਦੇਸ਼ ਤਾਂ ਸਵਰਾਂ ਅਤੇ ਲੈਅ ਨੂੰ ਮਾਧਿਅਮ ਬਣਾ ਕੇ ਉਸੇ ਇਸ਼ਟ ਦਾ ਗੁਣਗਾਨ ਕਰਨਾ ਹੁੰਦਾ ਹੈ।"[3]

---

[1] ਡਾ. ਚਮਨ ਲਾਲ ਵਰਮਾ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।
[2] ਡਾ. ਰਾਜੇਸ਼ ਸ਼ਰਮਾ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।
[3] ਡਾ. ਰਾਜੇਸ਼ ਮੋਹਨ ਜੀ ਨਾਲ ਕੀਤੀ ਗਈ ਭੇਂਟਵਾਰਤਾ ਉੱਤੇ ਆਧਾਰਿਤ ਜਾਣਕਾਰੀ।

ਵਿਸ਼ਵ ਦੇ ਸਾਰੇ ਕਲਾਕਾਰ ਵੱਖੋ-ਵੱਖ ਦੇਸ਼ਾਂ ਵਿਚ ਜਾ ਕੇ ਆਪਣੇ-ਆਪਣੇ ਸੰਗੀਤ ਦਾ ਅਦਾਨ ਪ੍ਰਦਾਨ ਕਰ ਰਹੇ ਹਨ। ਇਸ ਆਦਾਨ ਪ੍ਰਦਾਨ ਦੇ ਸਿੱਟੇ ਵਜੋਂ ਦੇਸ਼ਾਂ ਵਿਚ ਸਾਂਝ ਦੀ ਤੰਦ ਮਜ਼ਬੂਤ ਹੋ ਰਹੀ ਹੈ ਅਤੇ ਕਲਾਕਾਰ ਸਾਂਝ ਸੇਤੂ ਦੀ ਭੂਮਿਕਾ ਨਿਭਾ ਰਹੇ ਹਨ। ਵਿਸ਼ਵੀਕਰਨ ਦੇ ਦੌਰ ਵਿਚ ਵਿਦੇਸ਼ੀ ਧੁਨਾਂ ਅਤੇ ਵਿਦੇਸ਼ੀ ਸਾਜਾਂ ਦਾ ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਵਿਚ ਵਿਸ਼ੇਸ਼ ਸਥਾਨ ਬਣਦਾ ਜਾ ਰਿਹਾ ਹੈ। ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੇ ਕਲਾਕਾਰ ਵਿਸ਼ਵੀਕਰਨ ਦੇ ਪੱਛਮੀ ਪ੍ਰਭਾਵ ਤੋਂ ਅਛੂਤੇ ਨਹੀਂ ਹਨ। ਵਿਸ਼ਵਵਿਖਿਆਤ ਕਲਾਕਾਰ ਵਰਗ ਇਸ ਪ੍ਰਭਾਵ ਦੇ ਅੰਤਰਗਤ ਸਮੇਂ ਅਤੇ ਸਰੋਤਾ ਦੀ ਰੁਚੀ ਦੇ ਮੁਤਾਬਿਕ ਨਵੀਨੀਕਰਨ ਦੇ ਪ੍ਰਭਾਵ ਨੂੰ ਕਬੂਲ ਚੁੱਕਾ ਹੈ। ਨਵੀਨੀਕਰਨ ਦੇ ਇਸ ਦੌਰ ਵਿਚ ਪਰੰਪਰਾਗਤ ਸ਼ੈਲੀਆਂ ਵਿਚ ਦੂਸਰੇ ਦੇਸ਼ਾਂ ਦੇ ਸੰਗੀਤ ਨੂੰ ਸੰਜੋ ਕੇ ਕਈ ਨਵੇਂ ਪ੍ਰਯੋਗ ਕਲਕਾਰਾਂ ਵੱਲੋਂ ਹੋ ਰਹੇ ਹਨ। ਜਿਨ੍ਹਾਂ ਨੂੰ ਫਿਊਜ਼ਨ ਦਾ ਨਾਮ ਦਿੱਤਾ ਗਿਆ ਹੈ। ਫਿਊਜ਼ਨ ਸੰਗੀਤ ਨੂੰ ਚਾਹੇ ਘਰਾਣੇਦਾਰ ਸੰਗੀਤਕਾਰਾਂ ਵੱਲੋਂ ਕਈ ਵਾਰ ਆਲੋਚਨਾ ਅਤੇ ਅਸਵੀਕਾਰਤਾ ਦਾ ਸਾਹਮਣਾ ਕਰਨਾ ਪਿਆ ਹੈ। ਪ੍ਰੰਤੂ ਫਿਊਜ਼ਨ ਸੰਗੀਤ ਸਿਰਜਨਾਵਾਂ ਅਤੇ ਵਿਕਾਸ ਦੇ ਰਸਤੇ ਵੱਲ ਵੀ ਲਜਾਉਂਦਾ ਹੈ। ਪੰਡਿਤ ਰਵੀ ਸ਼ੰਕਰ ਜੀ ਨੇ ਕਲਕੱਤਾ ਕਲੱਬ ਵਿਚ ਸੰਗੀਤ ਦੇ ਪ੍ਰੋਗਰਾਮ (2007) ਵਿਚ ਫਿਊਜ਼ਨ ਸੰਗੀਤ ਨੂੰ 'ਵਿਸ਼ਵ ਸੰਗੀਤ' ਅਤੇ ਨਿਊ ਏਜ ਮਿਊਜ਼ਿਕ' ਆਦਿ ਨਾਮਾਂ ਨਾਲ ਸੰਬੋਧਿਤ ਕਰਦੇ ਹੋਏ ਦੱਸਿਆ ਕਿ ਫਿਊਜ਼ਨ ਸੰਗੀਤ ਦੇ ਕਾਰਨ ਹੀ ਭਾਰਤੀ ਸੰਗੀਤ ਵਿਸ਼ਵ ਦੇ ਕੋਨੇ-ਕੋਨੇ ਨੂੰ ਆਪਣੀ ਖੁਸ਼ਬੂ ਨਾਲ ਮਹਿਕਾ ਰਿਹਾ ਹੈ। ਕਲਾਕਾਰ ਲੋਕ ਰੁਚੀ ਨੂੰ ਧਿਆਨ ਵਿਚ ਰੱਖਦੇ ਹੋਏ ਨਵੇਂ-ਨਵੇਂ ਪ੍ਰਯੋਗ ਕਰਦੇ ਹਨ ਅਤੇ ਸਿਰਜਨਾਤਮਕ ਸ਼ਕਤੀ ਜਾਂ ਗੁਣ ਸਦਕਾ ਨਵੀਆਂ-ਨਵੀਆਂ ਸ਼ੈਲੀਆਂ ਵਿਚ ਗਾਇਨ ਕਰਦੇ ਹਨ। ਇਹ ਸਿਰਜਨਾਤਮਿਕਤਾ ਅਸਲ ਵਿਚ ਕਿਸੇ ਨਾ ਕਿਸੇ ਰੂਪ ਫਿਊਜ਼ਨ ਹੀ ਹੈ।

ਅਜਕਲ ਹਿੰਦੁਸਤਾਨੀ ਸੰਗੀਤ ਅਤੇ ਸੂਫ਼ੀ ਸੰਗੀਤ ਵਿਚ ਵੀ ਕਈ ਨਵੇਂ-ਨਵੇਂ ਪ੍ਰਯੋਗ ਹੋ ਰਹੇ ਹਨ। ਜਿਵੇਂ ਕਿ ਪੱਛਮੀ ਸਾਜਾਂ ਦਾ ਸੰਗਤ ਵਜੋਂ ਪ੍ਰਦਰਸ਼ਨ ਅਤੇ ਹਿੰਦੁਸਤਾਨੀ ਗਾਇਨ ਸ਼ੈਲੀਆਂ ਵਿਚ ਸੂਫ਼ੀ ਕਲਾਮ ਦਾ ਨਿਭਾਅ ਅਤੇ ਸੂਫ਼ੀ ਗਾਇਨ ਸ਼ੈਲੀਆਂ ਵਿਚ ਸ਼ਬਦ, ਭਜਨ ਆਦਿ ਦੀ ਪੇਸ਼ਕਾਰੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਖਿਆਲ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਗੁਰਮਤਿ ਸੰਗੀਤ ਦੇ ਅੰਤਰਗਤ ਸ਼ਬਦ ਗਾਇਨ ਵਜੋਂ ਨਿਭਾਇਆ ਜਾਂਦਾ ਹੈ ਪ੍ਰੰਤੂ ਇਸੇ ਹੀ ਸ਼ਬਦ ਦਾ ਨਿਭਾਅ ਨੁਸਰਤ ਫਤਹਿ ਅਲੀ ਖਾਂ ਸਾਹਿਬ ਨੇ ਯੂ.ਕੇ. ਵਿਚ ਕੱਵਾਲੀ ਗਾਇਨ ਸ਼ੈਲੀ ਵਿਚ ਕੀਤਾ। ਇਸੇ ਤਰ੍ਹਾਂ ਹੀ ਬਾਬਾ ਫ਼ਰੀਦ ਜੀ ਦੇ ਸ਼ਲੋਕਾਂ ਦਾ ਗਾਇਨ ਗੁਰਮਤਿ ਸੰਗੀਤ ਵਿਚ ਸ਼ਬਦ ਗਾਇਨ ਦੇ ਅੰਤਰਗਤ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਹੀ ਸ਼ਲੋਕਾਂ ਦਾ ਗਾਇਨ ਜਦੋਂ ਮਹਿਫ਼ਿਲੇ ਸਮਾਅ ਭਾਵ ਸੂਫ਼ੀ ਸੰਗੀਤ ਵਿਚ ਕੀਤਾ ਜਾਂਦਾ ਹੈ ਤਾਂ ਇਨ੍ਹਾਂ ਦੇ ਗਾਇਨ ਵਿਚ ਸਵਰ ਦਾ ਲਗਾਵ, ਤਾਲ, ਅਲਫ਼ਾਜ਼ਾਂ ਦਾ ਠਹਿਰਾਵ ਅਤੇ ਨਿਭਾਅ ਵਿਚ ਫ਼ਰਕ ਹੁੰਦਾ ਹੈ।

# ਕੀਰਤਨ

"ਹਰੇ ਰਾਮ, ਹਰੇ ਰਾਮ, ਰਾਮ ਰਾਮ ਹਰੇ ਹਰੇ।

ਹਰੇ ਕ੍ਰਿਸ਼ਣ, ਹਰੇ ਕ੍ਰਿਸ਼ਣ, ਕ੍ਰਿਸ਼ਣ ਕ੍ਰਿਸ਼ਣ ਹਰੇ ਹਰੇ॥

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | ਸ | ਸ | ਰੇ | ਮ | ਮ | ਮ | ਗ | - | ਰੇ | ਸ | ਸ | ਰੇ | ਸ | ਨ਼ੀ |
| | | ਹ | ਰੇ | ਰਾ | S | ਮ | ਹ | ਰੇ | S | ਰਾ | S | ਮ | S | S | S |
| | | | | | | ਰੇ | | | | | | | | | |
| ਨ਼ੀ | ਨ਼ੀ | ਸ | ਰੇ | ਗੁ | ਗੁ | ਸ | ਰੇ | ਸ | - | ਸ | ਸ | ਰੇ | ਮ | ਮ | ਮ |
| ਰਾ | ਮ | ਰਾ | ਮ | ਹ | ਰੇ | S | ਹ | ਰੇ | S | ਹ | ਰੇ | ਕ੍ਰਿ | S | ਸ਼ਣ | ਹ |
| ਮ | | | | | | | | | | | | | | ਰੇ | |
| ਗ | - | ਰੇ | ਸ | ਸ | ਰੇ | ਸ | ਨ਼ੀ | ਨ਼ੀ | ਨ਼ੀ | ਸ | ਰੇ | ਗੁ | ਗੁ | ਸ | ਰੇ |
| ਰੇ | S | ਕ੍ਰਿ | S | ਸ਼ਣ | S | S | S | ਕ੍ਰਿ | ਸ਼ਣ | ਕ੍ਰਿ | ਸ਼ਣ | ਹ | ਰੇ | S | ਹ |
| | | | | | | | | | | | | | | | ਰੇ |
| ਸ | - | ਸ | ਸ | ਸ | ਪ | ਪ | ਪ | ਪ | ਧ | ਪ | ਮ | (ਮ) | - | ਗ | ਸ |
| ਰੇ | S | ਹ | ਰੇ | ਰਾ | S | ਮ | ਹ | ਰੇ | S | ਰਾ | S | ਮ | S | S | S |
| | | | | ਮ | | | | | | | | | | | |
| ਸ | ਸ | ਰੇ | ਰੇ | ਗੁ | ਗੁ | ਰੇ | ਰੇ | ਸ | - | ਸ | ਸ | ਰੇ | ਮ | ਮ | ਮ |
| ਰਾ | ਮ | ਰਾ | ਮ | ਹ | ਰੇ | S | ਹ | ਰੇ | S | ਹ | ਰੇ | ਕ੍ਰਿ | S | ਸ਼ਣ | ਹ |
| ਮ | | | | | | | | | | | | | | | |
| ਗ | - | ਰੇ | ਸ | ਸ | ਰੇ | ਸ | ਨ਼ੀ | ਨ਼ੀ | ਨ਼ੀ | ਸ | ਰੇ | ਗ | ਗੁ | ਸ | ਰੇ |
| ਰੇ | - | ਕ੍ਰਿ | S | ਸ਼ਣ | S | S | S | ਕ੍ਰਿ | ਸ਼ਣ | ਕ੍ਰਿ | ਸ਼ਣ | ਹ | ਰੇ | S | ਹ |
| ਸ | - | | | | | | | | | | | | | | |
| ਰੇ | S"[1] | | | | | | | | | | | | | | |

[1] ਸੰਗੀਤ, ਭਗਤੀ ਸੰਗੀਤ ਅੰਕ, 1970, ਪੰਨੇ 119,120.

# ਧਰੁਪਦ

**"ਸਥਾਈ** : ਕਹੇ ਕੋਊ ਰਾਮ ਨਾਮ, ਅੱਲਾ ਨਾਮ ਕੋਊ ਕਹੇ
ਰੂਪ ਦੇਖ ਕੋਊ ਮਗਨ, ਤਰੇ ਕੋਊ ਨਾਮ ਹੀ ਸੋ॥
**ਅੰਤਰਾ** : ਪਾਰਬ੍ਰਹਮ ਪਰਮੇਸ਼ਵਰ ਦੂਜੋ ਨਾਹੀਂ ਪਾਲਨਹਾਰ
ਨਾਮ ਰੂਪ ਗੁਨ ਸਕਲ, ਦੁਖ ਦਵੰਦ ਹਰੇ ਜਾ ਸੋ॥
**ਸੰਚਾਰੀ** : ਰਚਿਓ ਅਖਿਲ ਸੰਸਾਰ, ਜਾਹਿ ਅਪਨੀ ਇੱਛਾ ਸੋ
ਲਿਪਟ ਰਹਿਓ ਪਾਮਰ ਨਰ, ਮਾਯਾ ਭਰਮ ਜਾਲ ਸੋ॥
**ਆਭੋਗ** : ਜੀਵਾਤਮ ਪਰਮਾਤਮ, ਅਪਰੰਪਾਰ ਪ੍ਰਕਟ ਗੁਪਤ
ਭੇਦ ਆਪ ਪਰ ਤਾ ਕੋ ਮਿਟੈ ਸਾਚੇ ਗਿਆਨ ਸੌ॥

## ਰਾਗ ਭੈਰਵੀ

## ਚਾਰ ਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| [ਨੀ]ਧੁ | ਪ | – | [ਮ]ਗੁ | – | ਮ | [ਗ]ਰੁ | ਗੁ | ਰੇ | [ਨੀ]ਸ | – | ਸ |
| ਕ | ਹੇ | ऽ | ਕੋ | ऽ | ਊ | ਗ | ऽ | ਮ | ਨਾ | ऽ | ਸ |
| [ਸ]ਰੁ | [ਸ]ਨੀ | – | [ਨੀ]ਸ | – | ਰੇ | [ਮ]ਗੁ | – | ਮ | [ਗੁ]ਮ | ਮ | – |
| ਅੱ | ਲਾ | ऽ | ਨਾ | ऽ | ਮ | ਕੋ | ऽ | ਊ | ਕ | ਹੇ | ऽ |
| [ਨੀ]ਸ | – | ਧੁ | [ਮ]ਪ | – | ਧੁ | [ਧੁ]ਨੀ | ਧੁ | ਪਮ | ਪ | ਮ | ਮ |
| ਰੂ | ऽ | ਪ | ਦੇ | ऽ | ਖ | ਕੋ | ਊ | ऽऽ | ਮ | ਗ | ਨ |
| [ਨੀ]ਸ | ਸ | ਰੇ | [ਮ]ਗੁ | ਪ | ਮ | [ਮ]ਗੁ | ਮ | ਗੁ | [ਗੁ]ਰੇ | – | ਸ |
| ਤ | ਰੇ | ऽ | ਕੋ | ऽ | ਊ | ਨਾ | ऽ | ਮ | ਹੀ | ऽ | ਸੋ |
| **ਅੰਤਰਾ** | | | | | | | | | | | |
| [ਮ]ਪ | [ਮ]ਗੁ | ਮ | [ਨੀ]ਧੁ | – | ਨੀ | ਸਂ | ਸਂ | [ਨੀ]ਸਂ | – | [ਨੀ]ਸਂ | ਸਂ |
| ਪ | ਰ | ऽ | ਬ੍ਰਹ | ऽ | ਮ | ਪ | ਰ | ਮੇ | ऽ | ਸ਼ਵ | ਰ |
| [ਸਂ]ਨੀ | – | ਨੀ | ਸਂ | – | [ਨੀ]ਸਂ | [ਸਂ]ਰੇਂ | ਸਂ | [ਨੀ]ਸਂ | [ਨੀ]ਧੁ | – | ਪ |
| ਦੂ | ऽ | ਜੋ | ਨਾ | ऽ | ਹੀ | ਪਾ | ਲ | ਨ | ਹਾ | ऽ | ਰ |
| [ਗੁ]ਪ | – | ਪ | [ਧੁ]ਪ | ਧੁ | ਨੀ | [ਨੀ]ਧੁ | ਪ | ਮ | [ਮ]ਪ | ਮ | ਮ |
| ਨਾ | ऽ | ਮ | ਰੂ | ऽ | ਪ | ਗੁ | ਨ | ऽ | ਸ | ਕ | ਲ |
| [ਨੀ]ਸ | ਸ | ਰੇ | [ਮ]ਗੁ | – | ਮ | [ਗੁ]ਰੇ | [ਗੁ]ਰੇ | ਗੁ | [ਗੁ]ਰੇ | – | ਸ |
| ਦੁ | ਖ | ऽ | ਦਵੰ | ऽ | ਦ | ਹ | ਰੇ | ऽ | ਜਾ | ऽ | ਸੋ |

**ਸੰਚਾਰੀ**

| | | | | | | | | | | | |
|---|---|---|---|---|---|---|---|---|---|---|---|
| [ਨੀ]ਸ | [ਨੀ]ਸ | ਧੁ | [ਮ]ਪ | ਪ | ਪ | [ਨੀ]ਧੁ | – | – | ਪ | – | ਪ |
| ਰ | ਚਿ | ੳ | ਅ | ਖਿ | ਲ | ਸੰ | ऽ | ऽ | ਸਾ | ऽ | ਰ |
| [ਮ]ਪ | – | [ਨੀ]ਧੁ | [ਸਂ]ਨੀ | ਸਂ | ਸਂ | [ਸਂ]ਰੇਂ | ਸਂ | – | [ਨੀ]ਧੁ | ਪ | – |
| ਜਾ | ऽ | ਹਿ | ਅ | ਪ | ਨੀ | ਇੱ | ਛਾ | ऽ | ਸੋ | ऽ | ऽ |
| ਪ | ਧੁ | ਪਮ | ਪ | ਮ | – | [ਮ]ਗੁ | ਮ | [ਗ]ਰੇ | ਰੇ | ਸ | ਸ |
| ਨੀ | – | ਨੀ | ਸ | ਸ | [ਗ]ਰੇ | [ਮ]ਗੁ | – | ਗੁ | ਮ | – | – |
| ਮਾ | ऽ | ਯਾ | ਭ | ਰ | ਮ | ਜਾ | ऽ | ਲ | ਸੋ | ऽ | ऽ |

**ਆਭੋਗ**

| | | | | | | | | | | | |
|---|---|---|---|---|---|---|---|---|---|---|---|
| [ਮ]ਧੁ | – | [ਨੀ]ਧੁ | ਮ | [ਨੀ]ਧੁ | ਨੀ | ਸਂ | ਸਂ | [ਨੀ]ਸਂ | – | [ਨੀ]ਸਂ | ਸਂ |
| ਜੀ | ऽ | ਵਾ | ऽ | ਤ | ਮ | ਪ | ਰ | ਮਾ | ऽ | ਤ | ਮ |
| [ਸਂ]ਨੀ | [ਸਂ]ਨੀ | ਨੀ | ਸਂ | – | [ਸਂ]ਗੁਂ | [ਗਂ]ਰੇਂ | [ਗਂ]ਰੇਂ | ਸਂ | [ਨੀ]ਸਂ | [ਨੀ]ਧੁ | ਪ |
| ਅ | ਪ | ਰੰ | ਪਾ | ऽ | ਰ | ਪ੍ਰ | ਕ | ਟ | ਗੁ | ਪ | ਤ |
| [ਸਂ]ਗੁਂ | – | ਗੁਂ | [ਗਂ]ਮਂ | – | ਮਂ | ਗੁਂ | [ਗੁਂ]ਰੇਂ | ਗੁਂ | [ਗਂ]ਰੇਂ | – | ਸਂ |
| ਭੇ | ऽ | ਦ | ਆ | ऽ | ਪ | ਪ | ਰ | ऽ | ਤਾ | ऽ | ਕੋ |
| [ਨੀ]ਸ | ਸ | ਰੇ | [ਮ]ਗੁ | – | ਮ | [ਗੁ]ਰੇ | ਗੁ | ਰੇ | ਸ | – | – |
| ਮਿ | ਟੇ | ऽ | ਸਾ | ऽ | ਚੇ | ਗਿਆ | ऽ | ਨ | ਸੋ | ऽ | ऽ”[1] |

[1] ਸ਼ਰਮਾ, ਯਸ਼ਪਾਲ (ਡਾ.) ਗਾਇਨ ਕਲਾ, ਪੰਨੇ 97,98,99.

# ਧਰੁਪਦ

"ਏਸੇ ਹੀ ਦੇਖਤੇ ਰਹੋ, ਜਨਮ ਸੁਫਲ ਕਰਿ ਮਾਨੋਂ।
ਪਿਆਰੇ ਕੀ ਭਾਵਤੀ, ਭਾਵਤੀ ਜੂ ਕੇ ਪਿਆਰੇ, ਜੁਗਲ ਕਿਸ਼ੋਰ ਹਿ ਜੋਨੇ॥
ਛਿਨੁ ਨ ਟਰੋਂ, ਪਲ ਹੋਹੁ ਨ ਇਤ ਉਤ, ਰਹੋ ਏਕ ਹੀ ਤਾਨੋਂ।
ਸ੍ਰੀ ਹਰਿਦਾਸ ਕੇ ਸਵਾਮੀ ਸ਼ਿਆਮਾ ਕੁੰਜ ਬਿਹਾਰੀ ਮਨ-ਰਾਨੋਂ॥

**ਪਦ (ਸਵਾਮੀ ਹਰੀਦਾਸ ਜੀ)**

## ਰਾਗ ਨਾਇਕੀ

**(ਚਾਰਤਾਲ)**

| **×** | | **0** | | **2** | | **0** | | **3** | | **4** | |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| × | | 0 | | 2 | | 0 | | 3 | | 4 | |
| ਨ̱ੀ | ਸ | ਰੇ | ਪ | ਗੁ | – | ਗ | ਮ | ਰੇ | ਰੇ | ਸ | ਸ |
| ਏ | ਸੀ | ਹੀ | ऽ | ਦੇ | ऽ | ਖ | ਤ | ऽ | ਰ | ਹੋ | ऽ |
| ਨ̱ੀ | ਸ | ਰੇ | ਸ | ਨ̱ੀ | ਪ | ਮ | ਪ | ਨ̱ੀ | – | ਸਾ | – |
| ਜ | ਨ | ਮ | ਸੁ | ਫ | ਲ | ਕ | ਰਿ | ਗਾ | ऽ | ਨਿਓਂ | |
| ਨ̱ੀ | ਸ | ਰੇ | ਪ | ਪ | – | – | – | ਮ | ਨ̱ੀ | ਪ | – |
| ਪਿਆ | ऽ | ਰੇ | ਕੀ | ਭਾ | ऽ | ऽ | ऽ | ऽ | ਵ | ਤੀ | ऽ |
| ਮ | ਪ | ਸੰ | ਸੰ | ਸੰ | – | – | ਸੰ | ਨ̱ੀ | – | ਪ | – |
| ਭਾ | ਵ | ਤੀ | ऽ | ਜੂ | ऽ | ऽ | ਕੇ | ਪਿਆ | ऽ | ਰੇ | ऽ |
| ਸੰ | ਸੰ | ਸੰ | ਪ | ਨ̱ੀ | ਪ | ਗੁ | ਮ | ਰੇ | – | ਸ | – |
| ਜੁ | ਗ | ਲ | ਕਿ | ਸੋ | ऽ | ਰ | ਹਿ | ਜਾ | ऽ | ਨੋਂ | ऽ |
| **ਅੰਤਰਾ** | | | | | | | | | | | |
| ਮ | ਪ | ਨ̱ੀ | ਨ̱ੀ | ਪ | – | ਮ | ਪ | ਨ̱ੀ | ਸੰ | ਸੰ | ਸੰ |
| ਛਿ | ਨੁ | ਨ | ਟ | ਰੋਂ | ऽ | ਪ | ਲ | ਹੋ | ऽ | ਹੁ | ਨ |
| ਨ̱ੀ | ਸੰ | ਰੇਂ | ਸੰ | ਸੰ | ਸੰ | ਨ̱ੀ | ਸੰ | ਸੰ | ਪ | ਨ̱ੀ | ਪ |
| ਇ | ਤ | ਉ | ਤ | ਰ | ਹੋ | ਏ | ਕ | ਹੀ | ਤਾ | ऽ | ਨੋ |
| ਗੁਂ | – | ਗੁਂ | ਮਂ | ਰੇਂ | – | ਸਾਂ | ਸੰ | ਰੇਂ | – | ਸੰ | – |
| ਸ੍ਰੀ | ऽ | ਹ | ਰਿ | ਦਾ | ऽ | ਸ | ਕੇ | ਸੁਆ | ऽ | ਮੀ | ऽ |
| ਨੀ | – | ਸੰ | – | ਨ̱ੀ | – | ਪ | ਪ | ਮ | – | ਪ | – |
| ਸਿਆ | ऽ | ਮਾ | ऽ | ਕੁੰ | ऽ | ਜ | ਬਿ | ਹਾ | ऽ | ਰੀ | ऽ |
| ਨ̱ੀ | – | ਪ | – | ਮ | – | ਪ | – | ਗੁ | ਮ | ਰੇ | ਸ |
| ਮ | ऽ | ऽ | ऽ | ਨ | ऽ | ऽ | ऽ | ਰਾ | ऽ | ਨੋਂ | ऽ"[1] |

[1] ਪ੍ਰਤਾਪ, ਰਾਗਿਨੀ (ਡਾ.), ਸੂਰ, ਮੀਰਾ ਏਵੰ ਸਵਾਮੀ ਹਰੀਦਾਸ ਕੀ ਭਕਤੀ ਸਾਧਨਾ ਮੇਂ ਸੰਗੀਤ ਕਾ ਯੋਗਦਾਨ, ਪੰਨਾ 99.

# ਧਮਾਰ

“**ਸਥਾਈ –** ਹਜ਼ਰਤ ਖ਼ਵਾਜਾ ਸੰਗਿ ਖੇਲਿਓ ਧਮਾਲ
ਹਜ਼ਰਤ ਖ਼ਵਾਜਾ ਸੰਗਿ ਖੇਲਿਓ ਧਮਾਲ

**ਅੰਤਰਾ –** ਬਾਇਸ ਖ਼ਵਾਜਾ ਮਿਲ ਬਨ ਬਨ ਆਏ
ਤਾਮਿਨ ਹਜ਼ਰਤ ਰਸੂਲ ਸਾਹਿਬ ਜਮਾਲ
ਕੁਤੁਬਦੀਨ ਔਰ ਗੰਜ਼ਸਕਰ ਕੇ
ਸਾਬਿਰ ਨਿਜ਼ਾਮ ਲਾਲ ਹਜਾਰ

**(ਰਾਗ ਸ਼ਹਾਨਾ ਬਹਾਰ)**

| | | | | | | | | | | | | | |
|---|---|---|---|---|---|---|---|---|---|---|---|---|---|
| ਧ | ਧ | ਨੀ | ਸੰ | ਨੀ | ਸੰ | ਸੰ | ਧ | ਪ | ਨੀ | ਪ | ਮ | ਪ | ਪ |
| ਹ | S | ਜ਼ | ਰ | S | ਤ | S | ਖਵਾ | S | ਜਾ | ਸੰ | S | S | ਗ |
| ਮ | ਮ | ਪ | ਗ | ਗ | ਗ | ਮ | ਨੀ | ਧ | ਨੀ | ਸੰ | ਨੀ | ਸੰ | ਸੰ |
| ਖੇ | S | ਲਿ | ਏ | S | ਧ | S | ਮਾ S | | S | S | S | ਲ | S |
| ਰੇਂ | ਰੇਂ | ਰੇਂ | ਸੰ | ਰੇਂ | ਨੀ | ਸੰ | ਧ | ਧ | ਧ | ਧ | ਨੁੀ | ਪ | ਪ |
| ਹ | S | ਜ਼ | ਰ | S | ਤ | S | ਖਵਾ | S | ਜਾ | ਸੰ | S | S | ਗ |
| ਨੁੀ | ਨੁੀ | ਪ | ਮ | ਪ | ਗ | ਮ | ਨੁੀ | ਧ | ਨੀ | ਸੰ | ਨੀ | ਸੰ | ਸੰ |
| ਖੇ | S | ਲਿ | ਏ | S | ਧ | S | ਮਾ | S | S | S | S | ਲ | S |

**ਅੰਤਰਾ**

| | | | | | | | | | | | | | |
|---|---|---|---|---|---|---|---|---|---|---|---|---|---|
| ਮ | ਮ | ਮ | ਨੀ | ਧ | ਨੀ | ਨੀ | ਸੰ | ਸੰ | ਸੰ | ਰੇਂ | ਨੀ | ਸੰ | ਸੰ |
| ਬਾ | ਇ | ਸ | ਖਵਾ | ਜਾ | ਮਿ | ਲ | ਬ | ਨ | ਬ | ਨ | ਆ | S | ਏ |
| ਸੰ | ਗਂ | ਗਂ | ਗਂ | ਗਂ | ਗਂ | ਮਂ | ਰੇਂ | ਰੇ | ਸੰ | ਰੇਂ | ਨੀ | ਸੰ | ਸੰ |
| ਤਾ | S | S | S | ਮਨ | S | S | ਹ | ਜ਼ | S | ਰਤ | ਰ | ਸੂ | ਲ |
| ਧ | ਨੀ | ਸੰ | ਰੇਂ | ਸੰ | ਨੀ | ਸੰ | ਨੀ | ਸੰ | ਸੰ | ਧ | ਨੀ | ਪ | ਪ |
| ਸਾ | S | S | ਹ | S | ਬ | S | ਜ | S | S | ਮਾ | S | S | ਲ |
| ਰੇਂ | ਸੰ | ਰੇਂ | ਸੰ | ਨੀ | ਸੰ | ਸੰ | ਸੰ | ਨੀ | ਸੰ | ਸੰ | ਧ | ਨੀ | ਪ |
| ਹ | S | ਜ | ਰ | S | ਤ | S | ਖਵਾ S | | ਜਾ | ਸੰ | S | ਗ | S”[1] |

[1] ਗੋਸਵਾਮੀ, ਸੁਨੀਲ (ਡਾ.), ਸੂਫ਼ੀ ਸੰਗੀਤ : ਰਾਗ ਪਰੰਪਰਾ ਕੇ ਸੰਦਰਭ ਮੇਂ, ਪੰਨਾ 148.

# ਧਮਾਰ

"**ਸਥਾਈ** : ਹਜ਼ਰਤ ਖਵਾਜ਼ਾ ਸੰਗ ਖੇਲੀਏ ਧਮਾਲ
ਹਜ਼ਰਤ ਖਵਾਜ਼ਾ ਸੰਗ ਖੇਲੀਏ ਧਮਾਲ

**ਅੰਤਰਾ** : ਬਾਇਸ ਖਵਾਜ਼ਾ ਮਿਲ ਬਨ ਬਨ ਆਏ
ਤਾਮਨ ਹਜ਼ਰਤ ਰਸੂਲ ਸਾਹਬ ਜਮਾਲ
ਕੁਤੁਬਦੀਨ ਔਰ ਗੰਜ਼ਸਕਰ ਕੇ ਸਾਬਿਰ
ਨਿਜ਼ਾਮ ਲਾਲ ਹਜਾਰ।

**ਰਾਗ ਸ਼ਹਾਨਾ ਬਹਾਰ**

**ਧਮਾਰ ਤਾਲ**

## ਸਥਾਈ

| | | | | | | | | | | | | | |
|---|---|---|---|---|---|---|---|---|---|---|---|---|---|
| ਧ | ਧ | ਨੀ | ਸਂ | ਨੀ | ਸਂ | ਸਂ | ਧ | ਪ | ਨੀ | ਪ | ਮ | ਪ | ਪ |
| ਹ | ऽ | ਜ਼ | ਰ | ऽ | ਤ | ऽ | ਖਵਾ | ऽ | ਜਾ | ਸੰ | ऽ | ऽ | ਗ |
| ਮ | ਮ | ਪ | ਗ | ਗ | ਗ | ਮ | ਨੀ | ਧ | ਨੀ | ਸਂ | ਨੀ | ਸਂ | ਸਂ |
| ਖੇ | ऽ | ਲਿ | ਏ | ऽ | ਧ | ऽ | ਮਾ | ऽ | ऽ | ऽ | ऽ | ਲ | ऽ |
| ਰੇਂ | ਰੇਂ | ਰੇਂ | ਸਂ | ਰੇਂ | ਨੀ | ਸਾਂ | ਧ | ਧ | ਧ | ਧ | ਨ਼ੀ | ਪ | ਪ |
| ਹ | ऽ | ਜ਼ | ਰ | ऽ | ਤ | ऽ | ਖ਼ਵਾ | ऽ | ਜਾ | ਗੰ | ऽ | ऽ | ਗ |
| ਨ਼ੀ | ਨ਼ੀ | ਪ | ਮ | ਪ | ਗ | ਮ | ਨ਼ੀ | ਧ | ਨੀ | ਸਂ | ਨੀ | ਸਂ | ਸਂ |
| ਖੇ | ऽ | ਲਿ | ਏ | ऽ | ਧ | ऽ | ਮਾ | ऽ | ऽ | ऽ | ऽ | ਲ | ऽ |

## ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਮ | ਮ | ਮ | ਨੀ | ਧ | ਨੀ | ਨੀ | ਸਂ | ਸਂ | ਸਂ | ਰੇ | ਨੀ | ਸਂ | ਸਂ |
| ਬਾ | ਇ | ਸ | ਖਵਾ | ਜ਼ਾ | ਮਿ | ਲ | ਬ | ਨ | ਬ | ਨ | ਆ | ऽ | ਏ |
| ਸਂ | ਗਂ | ਗਂ | ਗਂ | ਗਂ | ਗਂ | ਮਂ | ਰੇਂ | ਰੇਂ | ਸਂ | ਰੇਂ | ਨੀ | ਸਂ | ਸਂ |
| ਤਾ | ऽ | ऽ | ऽ | ਮਨ | ऽ | ऽ | ਹ | ਜ਼ | ऽ | ਰਤ | ਰ | ਸੂ | ਲ |
| ਧ | ਨੀ | ਸਂ | ਰੇਂ | ਸਂ | ਨੀ | ਸਂ | ਨੀ | ਸਂ | ਸਂ | ਧ | ਨੀ | ਪ | ਪ |
| ਸਾ | ऽ | ऽ | ਹ | ऽ | ਬ | ऽ | ਜ | ऽ | ऽ | ਮਾ | ऽ | ऽ | ਲ |
| ਰੇਂ | ਸਂ | ਰੇਂ | ਸਂ | ਨੀ | ਸਂ | ਸਂ | ਸਂ | ਨੀ | ਸਂ | ਸਂ | ਧ | ਨੀ | ਪ |
| ਹ | ऽ | ਜ਼ | ਰ | ऽ | ਤ | ऽ | ਖਵਾ | ऽ | ਜ | ਸੰ | ऽ | ਗ | ऽ"[1] |

[1] ਗੋਸਵਾਮੀ, ਸੁਨੀਲ (ਡਾ.), ਸੂਫ਼ੀ ਸੰਗੀਤ: ਰਾਗ ਪਰੰਪਰਾ ਕੇ ਸੰਦਰਭ ਮੇਂ, ਪੰਨਾ 148.

# ਭਜਨ

“**ਸਥਾਈ** : ਤੂ ਹੀ ਰਬ ਗਰੀਬ ਨਵਾਜ
ਤੂੰ ਹੀ ਰਹੀਮ ਤੂੰ ਹੀ ਕਰੀਮ,
ਕਰਮ ਕੀਜੈ ਮੋਪੇ ਆਜ

**ਅੰਤਰਾ** : ਝਾਂਝਰੀ ਨੈਯਾ ਮੋਰੀ,
ਆਨ ਪਰੀ ਮਝਦਾਰ
ਤੋਰੇ ਬਿਨ ਕੌਨ ਲਗਾਵੇ ਪਾਰ

## ਰਾਗ ਮਧੁਵੰਤੀ

### ਆੜਾ ਚਾਰਤਾਲ (ਦਰੁਤ ਖਿਆਲ)

| | | | | | | | | | | | | | |
|---|---|---|---|---|---|---|---|---|---|---|---|---|---|
| × | | 2 | | 0 | | 3 | | 0 | | 4 | | 0 | |
| **ਸਥਾਈ** | | | | । | | | | | | । | | | |
| | | | ਸ | [ਮ]ਗੁ | ਮੇ | ਪ | ਧਪ | ਪ | ਪ | [ਮ]ਗੁ | – | ਰੇ | ਸ |
| | | | ਤੂ | ऽ | ਹੀ | ऽ | ਰऽ | ਬ | ਗ | ਹੀ | ऽ | ਬ | ਨ |
| | | | | | | | । | | | | | | । |
| ਰੇ | – | ਸ | ਨੀ | ਸ | ਗੁ | – | ਮ | ਪ | – | ਪ | ਪ | – | ਮ |
| ਵਾ | ऽ | ਜ | ਤੂ | ऽ | ਹੀ | ऽ | ਰ | ਹੀ | ऽ | ਮ | ਨੂ | ऽ | ਹੀ |
| | | । | | | | | | | | | । | | |
| ਪ | [ਧ]ਪ | [ਮ]ਗੁ | – | ਮੇ | ਪ | ਨੀ | ਸਂ | ਧ | ‿ | ਪ | [ਮ]ਗੁ | – | ਰੇਸ |
| ऽ | ਕ | ਰੀ | ऽ | ਮ | ਕ | ਰ | ਮ | ਕੀ | ऽ | ਜੋ | ਮੋ | ऽ | ਪऽ |
| ਰੇ | – | ਸ | – | | | | | | | | | | |
| ਆ | ऽ | ਜ | | | | | | | | | | | |
| **ਅੰਤਰਾ** | | | | | | | | | । | | | | । |
| | | | ਨੀ | – | ਸਂ | ਧ | – | ਪ | ਮ | ਪ | – | ਗੁ | ਮ |
| | | | ਝਾਂ | ऽ | ऽ | ਝ | ऽ | ਰੀ | ਨੈ | ऽ | ऽ | ਯਾ | ऽ |
| ਪ | ਨੀ | ਸਂ | ਪ | ਨੀ | – | ਸਂ | – | – | ਗੁਂ | ਰੇਂ | ਸਂ | ਨੀ | ਸਂ |
| ਮੋ | ऽ | ਰੀ | ਆ | ऽ | ऽ | ਨ | ऽ | ऽ | ਪ | ਰੀ | ऽ | ਮ | ਝ |
| | | | | । | | | | | | | । | | |
| ਧ | – | ਪ | ਗੁ | ਮ | ਪ | ਨੀ | ਧ | ਪ | ਪ | ਧਪ | [ਮ]ਗ | – | ਰੇਸ |
| ਧਾ | ऽ | ਰ | ਤੋ | ਰੇ | ਬਿ | ਨ | ਕੋ | ऽ | ਨ | ਲ | ਗਾ | ऽ | ਵੇऽ |
| ਰੇ | – | ਸ | | | | | | | | | | | |
| ਪਾ | ऽ | ਰ”[1] | | | | | | | | | | | |

[1] ਸ਼ਰਮਾ, ਯਸ਼ਪਾਲ (ਡਾ.), ਗਾਇਨ ਕਲਾ, ਪੰਨਾ 133.

# ਭਜਨ

"ਚਰਨ ਕਮਲ ਬੰਦੌ ਹਰਿ ਗਈ
ਜਾਕੀ ਕ੍ਰਿਪਾ ਪੰਗੂ ਗਿਰਿ ਲਾਧੈ, ਅੰਧੇ ਕੋ ਸਬ ਕੁਛ ਦਰਸਾਈ।
ਬਹਿਰੋ ਸੁਨੈ ਗੂੰਗੇ ਪੁਨਿ ਬੋਲੇ, ਰੰਗ ਚਲੇ ਸਿਰ ਛਤਰ ਧਰਾਈ।
ਸੂਰਦਾਸ ਸਵਾਮੀ ਕਰੁਣਾਮਇ, ਬਾਰ-ਬਾਰ ਵੰਦੌ ਤਿਹਿੰ ਪਾਈ।

**ਪਦ (ਸੂਰਦਾਸ)**

**ਰਾਗ ਵਰਿੰਦਾਵਨੀ ਸਾਰੰਗ**

**(ਤੀਨ ਤਾਲ)**

| 0 | | | | 3 | | | | × | | | | 2 | | | |
|---|---|---|---|---|---|---|---|---|---|---|---|---|---|---|---|
| ਨ਼ਿ | ਸ | ਰੇ | ਮ | ਪ | ਨੁੀ | ਪ | ਮ | ਪ | ਮ | ਰੇ | ਸ | ਰੇ | - | ਸ | - |
| ਚ | ਰ | ਨ | ਕ | ਮ | ਲ | ਬੰ | ऽ | ਦ | ऽ | ਹ | ਰਿ | ਰਾ | ऽ | ਈ | ऽ |
| ਨੁੀ | ਪ | ਨੀ | ਨੀ | ਸਂ | - | ਸਂ | - | ਰੇਮ | ਪਮ | ਰੇ | ਸ | ਰੇ | - | ਸ | - |
| ਜਾ | ऽ | ਕੀ | ਕ੍ਰਿ | ਪਾ | ऽ | ਪੰ | ऽ | ਗੂऽ | ऽऽ | ਗਿ | ਰਿ | ਲਾ | ऽ | ਧੇ | ऽ |
| ਮ | - | ਮ | - | ਪ | - | ਪ | ਪ | ਨੁੀ | ਨੁੀ | ਪ | ਮ | ਰੇ | - | ਸ | - |
| ਅੰ | ऽ | ਧੇ | ऽ | ਕੋ | ऽ | ਸ | ਬ | ਕ | ਛੁ | ਦ | ਰ | ਸਾ | ऽ | ਈ | ऽ |

**ਅੰਤਰਾ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਪ | ਨੁੀ | ਪ | ਨੀ | ਸਂ | - | ਨੀ | - | ਸਂ | ਰੇਂ | ਸਂ | ਨੀ | ਸਂ | ਨੁੀ | ਪ |
| ਬ | ਹਿ | ਰੋ | ऽ | ਸੁ | ਨੈ | ऽ | ਗੂੰ | ऽ | ਗੇ | ਪੁ | ਨਿ | ਬੋ | ऽ | ਲੈ | ऽ |
| ਮ | ਪ | ਰੇਂ | ਰੇਂ | ਸਂ | - | ਨੁੀ | ਪ | ਮਪ | ਨੁੀ | ਪ | ਮ | ਰੇ | - | ਸ | - |
| ਰੰ | ऽ | ਕ | ਚ | ਲੋ | ऽ | ਸਿ | ਰ | ਛऽ | ऽ | ਤਰ | ਧ | ਰਾ | ऽ | ਈ | ऽ |

**ਅੰਤਰਾ 2**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਪ | ਨੁੀ | ਪ | ਨੀ | ਸਂ | - | ਨੀ | - | ਸਂ | ਰੇਂ | ਸਂ | ਨੀ | ਸਂ | ਨੁੀ | ਪ |
| ਸੂ | ਰ | ਦਾ | ऽ | ਸ | ਸਵ | ऽ | ਮੀ | ऽ | ਕ | ਰੁ | ਨਾ | ऽ | ਮ | ऽ | ਇ |
| ਮ | ਪ | ਰੇਂ | ਰੇਂ | ਸਂ | - | ਨੁੀ | ਪ | ਮਪ | ਨੁੀ | ਪ | ਮ | ਰੇ | - | ਸ | - |
| ਬਾ | ਰ | ਬਾ | ਰ | ਬਾ | ऽ | ਦੋ | ऽ | ਤਿऽ | ਹਿ | ऽ | ऽ | ਪਾ | ऽ | ਈ | ऽ"[1] |

---

[1] ਪ੍ਰਤਾਪ, ਰਾਗਿਨੀ (ਡਾ.), ਸੂਰ, ਮੀਰਾ ਏਵੰ ਸਵਾਮੀ ਹਰੀਦਾਸ ਕੀ ਭਕਤੀ ਸਾਧਨਾ ਮੇਂ ਸੰਗੀਤ ਕਾ ਯੋਗਦਾਨ, ਪੰਨਾ 175, 176.

# ਭਜਨ

"**ਸਥਾਈ** - ਮੈਂ ਹਰਿ ਬਿਨ ਨਾ ਜਾਉਂ ਮਾਈ
**ਅੰਤਰਾ** - ਪਾਨ ਤੇ ਪੀਰੀ ਭਈ ਮੀਰਾ, ਵਿਧਾ ਤਨ ਛਾਈ
ਲਾਲਾ ਗਿਰਧਰ ਕੀ ਦਾਸੀ ਮੀਰਾ ਉਪਜੀ ਸੁਖਦਾਈ
ਅਬਕੇ ਦਰਸਨ ਦੇਹੁ ਮੋਹਿ ਨਾ ਮੁਕਕਿਤ ਹੈ ਜਾਈ
ਮੈ ਹਰਿ ਬਿਨ

**ਪਦ (ਮੀਰਾ)**

**ਰਾਗ ਤਿਲਕ ਕਾਮੋਦ**

**(ਤਿੰਨ ਤਾਲ)**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| 0 | | | | 3 | | | | × | | | | 2 | | | |
| **ਸਥਾਈ** | | | | | | | | | | | | | | | |
| ਪ਼ | ਨ਼ੀ | ਸ | ਰੇ | ਗ | ਸ | ਰੇ | ਪ | ਮ | ਗਰੇ | ਸ | ਰੇ | ਪ | – | ਪ | – |
| ਮੈਂ | ऽ | ਹ | ਰਿ | ਬਿ | ऽ | ਨ | ਨਾ | ਜੀ | ऽऽ | ਊਂ | ऽ | ਮਾ | ऽ | ਈ | ऽ |
| 0 | | | | | | | 3 | | | | × | | | | 2 |
| **ਅੰਤਰਾ** | | | | | | | | | | | | | | | |
| ਧ | ਧ | ਪ | ਮ | ਗ | – | ਸ | ਸ | ਰੇ | ਪ | ਮ | ਮ | ਗ | – | ਸ | ਸ |
| ਪਾ | ऽ | ਨ | ਤੇ | ਪੀ | ऽ | ਰੀ | ਭ | ऽ | ਈ | ਮੀ | ऽ | ਰਾ | ऽ | ऽ | ऽ |
| ਰੇ | ਰੇ | ਮ | ਮ | ਪ | ਪ | ਸਂ | ਸਂ | ਪਧ | ਨੀਧ | ਮ | ਮ | ਮਪ | ਗਮ | ਰੇਗ | ਸ |
| ਵਿ | ऽ | ਧਾ | ऽ | ਤ | ऽ | ਨ | ऽ | ਛਾऽ | ऽऽ | ऽ | ऽ | ਈऽ | ऽऽ | ऽऽ | ऽ |
| | | | | 3 | | | | × | | | | 2 | | | |
| **ਅੰਤਰਾ 2** | | | | | | | | | | | | | | | |
| ਮ | – | ਪ | ਪ | ਸਂ | ਸਂ | ਸਂ | ਪ | ਨੀ | ਧ | ਪ | ਗ | ਮ | – | ਮ | – |
| ਲਾ | ऽ | ਲ | ऽ | ਗਿ | ਰ | ਧ | ਰ | ਕੀ | ऽ | ऽ | ऽ | ਦਾ | ऽ | ਸੀ | ऽ |
| ਪ | ਧ | ਧ | ਮ | ਮ | ਮ | ਪ | ਗ | ਮ | ਗ | ਰੇ | ਗ | ਮ | – | ਮ | – |
| ਲ | ऽ | ਲ | ऽ | ਗਿ | ਰ | ਧ | ਰ | ਕੀ | ऽ | ऽ | ऽ | ਦਾ | ऽ | ਸੀ | ऽ |
| ਪ | ਧ | ਧ | ਮ | ਮ | ਮ | ਪ | ਗ | ਮ | ਗ | ਰੇ | ਗ | ਮ | – | ਮ | – |
| ਮੀ | ऽ | ਰਾ | ऽ | ਉ | ਪ | ਜੀ | ऽ | ਸੁ | ऽ | ਖ | ऽ | ਦਾ | ऽ | ਈ | ऽ |
| ਰੇ | ਗੁ | ਰੇ | ਗੁ | ਸ | ਸ | ਸ | ਰੇ | – | ਮ | ਪ | ਧ | (ਨੀ) | – | ਪ | – |
| ਅ | ਬ | ਕੇ | ऽ | ਦ | ਰ | ਸ | ਕ | ऽ | ਦੇ | ऽ | ਹੂੰ | ਮਾ | ऽ | ਹੀ | ऽ |
| ਰੇ | – | ਮ | ਮ | ਪ | ਪ | ਸਂ | ਸਂ | ਪਧ | ਨੀਧ | – | ਮ | ਮਪ | ਗਮ | ਰੇਗ | ਸ |
| ਨਾ | ऽ | ਮੁ | ਕਿਤ | ਹੈ | ऽ | ऽ | ऽ | ਜਾऽ | ऽऽ | ਈ | ऽ | ਹऽ | ਰਿऽ | ਬਿऽ | ਨ"[1] |

[1] ਪ੍ਰਤਾਪ, ਰਾਗਿਨੀ (ਡਾ.) ਸੂਰ, ਮੀਰਾ ਏਵੰ ਸਵਾਮੀ ਹਰੀਦਾਸ ਕੀ ਭਕਤੀ ਸਾਧਨਾ ਮੇਂ ਸੰਗੀਤ ਕਾ ਯੋਗਦਾਨ, ਪੰਨਾ 192, 193.

## ਸ਼ਬਦ

"ਪਾਂਹਿ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਖ ਤਰੇ ਨਹੀਂ ਆਨਯੋ
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨਾ ਮਾਨਯੋ
ਸਿੰਮ੍ਰਿਤ ਸ਼ਾਸਤ੍ਰ ਬੇਦ ਸਭੇ ਬਹੁ ਭੇਦ ਕਹੇ ਹਮ ਏਕ ਨਾ ਜਾਨਯੋ
ਸ੍ਰੀ ਅਸਥਾਨ ਕ੍ਰਿਪਾ ਤੁਮਰੀ ਕਰਿ, ਮੈ ਨ ਕਹਯੋ ਸਬ ਤੋਹਿ ਬਖਾਨਯੋ

### ਰਾਗ ਰਾਮਕਲੀ

**ਝਪ ਤਾਲ (ਮਧ ਲੈਅ)**

| | | | | | | | | | |
|---|---|---|---|---|---|---|---|---|---|
| **0** | | **2** | | | **0** | | **3** | | |
| **ਸਥਾਈ** | | | | | | | | | |
| ਧੁ | ਧੁ | ਪ | ਪ | ਧ | ਮ | ਪ | ਗ | ਗ | ਗ |
| ਪ | ऽ | ਹਿ | ऽ | ਗ | ਹੇ | ऽ | ਜ | ऽ | ਬ |
| × | | 2 | | | 0 | | 3 | | |
| ਗ | ਰੇ | ਗ | ਗ | ਮ | ਗ | ਰੇ | ਸ | ਸ | ਸ |
| ਤੇ | ऽ | ਤੁ | ऽ | ਮ | ਰੇ | ऽ | ਤ | ऽ | ਬ |
| × | | 2 | | | 0 | | 3 | | |
| ਸ | ਗ | ਮ | ਮ | ਮ | ਪ | ਪ | ਪ | ਪ | ਪ |
| ਤੇ | ऽ | ਕੋ | ऽ | ਊ | ਆ | ऽ | ਖ | ऽ | ਤ |
| × | | 2 | | | 0 | | 3 | | |
| ਮ | ਮ | ਪ | ਧੁ | ਨੀ | ਧੁ | ਪ | ਪ | ਗ | ਮ |
| ਰੇ | ऽ | ਨ | ऽ | ਹੀ | ਆ | ऽ | ਨ | ऽ | ਓ |
| × | | 2 | | | 0 | | 3 | | |
| ਮ | ਮ | ਧੁ | ਧੁ | ਨੀ | ਸਂ | ਸਂ | ਸਂ | ਸਂ | ਸਂ |
| ਰਾ | ऽ | ਮ | ऽ | ਰ | ਹੀ | ऽ | ਮ | ऽ | ਪੁ |
| × | | 2 | | | 0 | | 3 | | |
| ਧੁ | ਧੁ | ਨੀ | ਸਂ | ਸਂ | ਧੁ | ਧੁ | ਪ | ਪ | ਮ |
| ਰਾ | ऽ | ਨ | ऽ | ਕੁ | ਰਾ | ऽ | ਨ | ऽ | ਅ |
| × | | 2 | | | 0 | | 3 | | |
| ਧੁ | ਧੁ | ਪ | ਪ | ਧੁ | ਮ | ਪ | ਗ | ਗ | ਮ |
| ਨੇ | ऽ | ਕ | ऽ | ਕ | ਹੈ | ऽ | ਮ | ऽ | ਤ |
